PAIGAM-E-JAGAT

ਪੈਗ਼ਾਮ-ਏ-ਜਗਤ

PAIGAM-E-JAGAT

Title code : CHAMUL00914 | E-mail : Info@paigamejagat.com | ਮੰਗਲਵਾਰ, 1 ਸਤੰਬਰ 2026, ਸਾਲ-4, ਅੰਕ-4, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਸੱਚਾ ਪਿਆਰ ਸਮਝ ਤੋਂ ਪੈਦਾ ਹੁੰਦਾ ਹੈ।

- ਗੌਤਮ ਬੁੱਧ

ਕਿਰਗਿਜ਼ਸਤਾਨ ਵਿੱਚ ਪੁਤਿਨ-ਮੋਦੀ ਦੀ ਮੁਲਾਕਾਤ

ਦੋਵੇਂ ਨੇਤਾ ਗਲੇ ਮਿਲੇ; ਪ੍ਰਧਾਨ ਮੰਤਰੀ ਨੇ ਬ੍ਰਿਕਸ ਸੰਮੇਲਨ ਲਈ ਸੱਦਾ ਦਿੱਤਾ

- ਕਿਹਾ-ਸਾਨੂੰ ਯੁੱਧਾਂ ਤੋਂ ਪਰੇ ਵਧਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ



ਬਿਸ਼ਕੇਕ, 31 ਅਗਸਤ (ਪੈ.ਗਾਮ-ਏ-ਜਗਤ)

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਕਿਰਗਿਜ਼ਸਤਾਨ ਦੇ ਬਿਸ਼ਕੇਕ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਨੇ ਮੁਲਾਕਾਤ ਦੌਰਾਨ ਗਲੇ ਮਿਲੇ ਅਤੇ ਦੁਵੱਲੀ ਗੱਲਬਾਤ ਕੀਤੀ। ਮੋਦੀ ਨੇ ਪੁਤਿਨ ਨੂੰ ਕਿਹਾ ਕਿ ਸਾਨੂੰ ਕਦੇ ਨਾ ਖਤਮ ਹੋਣ ਵਾਲੀਆਂ ਲੜਾਈਆਂ ਤੋਂ ਦੂਰ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ; ਭਾਰਤ ਸ਼ਾਂਤੀ ਲਈ ਉਦੇਸ਼ਿਤ ਸਾਰੇ ਯਤਨਾਂ ਦਾ ਸਮਰਥਨ ਕਰਦਾ ਹੈ। ਪ੍ਰਧਾਨ ਮੰਤਰੀ ਨੇ ਪੁਤਿਨ ਨੂੰ ਸਤੰਬਰ ਵਿੱਚ ਹੋਣ ਵਾਲੇ ਬ੍ਰਿਕਸ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਇਸ ਤੋਂ ਪਹਿਲਾਂ, ਮੋਦੀ ਨੇ ਈਰਾਨ, ਕਿਰਗਿਜ਼ਸਤਾਨ ਅਤੇ ਅਰਮੇਨੀਆ ਦੇ ਰਾਜਾਂ ਦੇ ਮੁਖੀਆਂ ਨਾਲ ਦੁਵੱਲੀ ਮੀਟਿੰਗਾਂ ਕੀਤੀਆਂ।

ਉਨ੍ਹਾਂ ਨੇ ਈਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨਾਲ ਵੀ ਮੁਲਾਕਾਤ ਕੀਤੀ। ਬਿਸ਼ਕੇਕ ਵਿੱਚ ਚੱਲ ਰਹੇ ਐਸਸੀਓ ਸੰਮੇਲਨ ਦਾ ਵਿਸ਼ਾ 'ਸ਼ਾਂਤੀ, ਵਿਕਾਸ ਅਤੇ ਖੁਸ਼ਹਾਲੀ ਲਈ ਇਕੱਠੇ ਅੱਗੇ ਵਧਣਾ' ਹੈ। ਭਾਰਤ, ਚੀਨ, ਰੂਸ, ਪਾਕਿਸਤਾਨ ਅਤੇ ਈਰਾਨ ਸਮੇਤ 10 ਮੈਂਬਰ ਦੇਸ਼ਾਂ ਦੇ ਨੇਤਾ ਇਸ (ਬਾਕੀ ਸਫ਼ਾ 2 'ਤੇ)

ਦਿੱਲੀ ਵਿੱਚ 16 ਸਾਲਾ ਵਿਦਿਆਰਥਣ ਨਾਲ ਬੱਸ ਵਿੱਚ ਸਮੂਹਿਕ ਬਲਾਤਕਾਰ

- ਗ੍ਰੇਟਰ ਨੋਇਡਾ ਤੋਂ ਸਵਾਰ; ਬੱਸ ਦੇ ਪਰਦੇ ਖਿੱਚ ਕੇ 47 ਕਿ.ਮੀ. ਤੱਕ ਚੱਲਿਆ; ਡਰਾਈਵਰ ਅਤੇ ਕੰਡਕਟਰ ਗ੍ਰਿਫ਼ਤਾਰ

ਨਵੀਂ ਦਿੱਲੀ, 31 ਅਗਸਤ (ਪੈ.ਗਾਮ-ਏ-ਜਗਤ)

ਦਿੱਲੀ ਵਿੱਚ ਇੱਕ 16 ਸਾਲਾ ਵਿਦਿਆਰਥਣ ਨਾਲ ਚੱਲਦੀ ਸਲੀਪਰ ਬੱਸ ਵਿੱਚ ਸਮੂਹਿਕ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ 4 ਅਗਸਤ ਨੂੰ ਵਾਪਰੀ ਸੀ, ਅਤੇ ਪੁਲਿਸ ਨੇ 31 ਅਗਸਤ ਨੂੰ ਵੇਰਵਿਆਂ ਦਾ ਖੁਲਾਸਾ ਕੀਤਾ ਸੀ। ਪੁਲਿਸ ਦੇ ਅਨੁਸਾਰ, ਪੀੜਤਾ ਗ੍ਰੇਟਰ ਨੋਇਡਾ ਦੇ ਪਰੀ ਚੌਂਕ 'ਤੇ ਬੱਸ ਵਿੱਚ ਚੜ੍ਹੀ ਸੀ। ਦੋਸ਼ੀ ਨੇ ਉਸਨੂੰ ਕਸ਼ਮੀਰੀ ਗੇਟ 'ਤੇ ਉਤਾਰ ਦਿੱਤਾ। ਇਸ ਦੌਰਾਨ, ਬੱਸ ਲਗਭਗ 47 ਕਿਲੋਮੀਟਰ ਚੱਲੀ, ਅਤੇ ਖਿੜਕੀਆਂ 'ਤੇ ਪਰਦੇ ਖਿੱਚੇ ਹੋਏ ਸਨ।

ਪੁਲਿਸ ਨੇ ਬੱਸ ਡਰਾਈਵਰ ਕੁਲਦੀਪ ਅਤੇ ਕੰਡਕਟਰ ਸੰਦੀਪ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫ਼ਤਾਰੀਆਂ ਕਦੋਂ ਕੀਤੀਆਂ ਗਈਆਂ, ਇਸ ਬਾਰੇ ਵੇਰਵੇ ਨਹੀਂ ਦਿੱਤੇ ਗਏ ਹਨ। ਪੀੜਤਾ 11ਵੀਂ ਜਮਾਤ ਦੀ ਵਿਦਿਆਰਥਣ ਹੈ ਅਤੇ ਉੱਤਰ ਪ੍ਰਦੇਸ਼ ਦੇ ਮੈਨਪੁਰੀ ਜ਼ਿਲ੍ਹੇ ਦੀ ਰਹਿਣ ਵਾਲੀ ਹੈ।

ਪੁਲਿਸ ਦੇ ਅਨੁਸਾਰ, ਪੀੜਤਾ ਯੂਪੀ ਦੇ ਮੈਨਪੁਰੀ ਦੀ ਰਹਿਣ ਵਾਲੀ



ਹੈ। ਪਰਿਵਾਰਕ ਝਗੜੇ ਤੋਂ ਬਾਅਦ, ਉਹ ਕਿਸੇ ਨੂੰ ਦੱਸੇ ਬਿਨਾਂ ਬੱਸ ਰਾਹੀਂ ਨੋਇਡਾ ਵਿੱਚ ਆਪਣੇ ਚਚੇਰੇ ਭਰਾ ਦੇ ਘਰ ਲਈ ਰਵਾਨਾ ਹੋ ਗਈ। ਮੈਨਪੁਰੀ ਅਤੇ ਨੋਇਡਾ ਵਿਚਕਾਰ ਦੂਰੀ 300 ਕਿਲੋਮੀਟਰ ਤੋਂ ਵੱਧ ਹੈ। ਭਾਰੀ ਮੀਂਹ ਅਤੇ ਹਨੇਰੇ ਕਾਰਨ, ਵਿਦਿਆਰਥਣ ਗਲਤੀ ਨਾਲ ਪਰੀ ਚੌਂਕ 'ਤੇ ਉਤਰ ਗਈ। ਫਿਰ ਉਹ (ਬਾਕੀ ਸਫ਼ਾ 2 'ਤੇ)

ਯੂ.ਪੀ. ਪਟਾਕਾ ਫੈਕਟਰੀ 'ਚ ਧਮਾਕੇ ਕਾਰਨ 11 ਦੀ ਮੌਤ, 18 ਜ਼ਖਮੀ

ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ ਰਾਹਤ-ਬਚਾਅ ਕਾਰਜ ਵਿੱਚ ਜੁਟੇ



ਕੌਸ਼ਾਂਬੀ (ਉਪਰ ਪ੍ਰਦੇਸ਼), 31 ਅਗਸਤ (ਪੈ.ਗਾਮ-ਏ-ਜਗਤ)

ਕੌਸ਼ਾਂਬੀ ਜ਼ਿਲ੍ਹੇ ਦੇ ਪਿਪਰੀ ਥਾਣਾ ਖੇਤਰ ਵਿੱਚ ਇੱਕ ਪਟਾਕਾ ਫੈਕਟਰੀ ਵਿੱਚ ਸੋਮਵਾਰ ਦੁਪਹਿਰ ਜ਼ਬਰਦਸਤ ਧਮਾਕਾ ਹੋ ਜਾਣ ਨਾਲ 11 ਵਿਅਕਤੀਆਂ ਦੀ ਮੌਤ ਹੋ ਗਈ। ਜ਼ਿਲ੍ਹਾ ਮੈਜਿਸਟਰੇਟ ਡਾਕਟਰ ਅਮਿਤ ਪਾਲ ਨੇ ਇਹ ਜਾਣਕਾਰੀ ਦਿੱਤੀ।

ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਇਸ ਘਟਨਾ ਵਿੱਚ ਗੰਭੀਰ ਰੂਪ ਨਾਲ ਜ਼ਖ਼ਮੀ ਪੰਜ ਲੋਕਾਂ ਦਾ ਪ੍ਰਯਾਗਰਾਜ ਦੇ ਐੱਸ.ਆਰ.ਐੱਨ. ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਬਚਾਅ ਅਭਿਆਨ ਹੁਣ ਵੀ ਜਾਰੀ ਹੈ ਅਤੇ ਇਸ ਅਭਿਆਨ ਦੌਰਾਨ ਬਚਾਏ ਗਏ ਸਾਰੇ ਜ਼ਖ਼ਮੀਆਂ ਦਾ ਤੁਰੰਤ ਇਲਾਜ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਕਿਉਂਕਿ ਬਚਾਅ ਅਭਿਆਨ ਜਾਰੀ ਹੈ ਅਜਿਹੇ ਵਿੱਚ ਮ੍ਰਿਤਕਾਂ ਅਤੇ ਜ਼ਖ਼ਮੀਆਂ ਦੀ ਗਿਣਤੀ ਵਧ ਸਕਦੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਘਟਨਾ ਵਿੱਚ 18 ਤੋਂ ਵੱਧ ਲੋਕਾਂ ਦੇ ਜ਼ਖ਼ਮੀ ਹੋਣ ਦਾ ਅੰਦਾਜ਼ਾ ਹੈ।

ਵਿਸਫੋਟ ਦੀ ਗੰਭੀਰਤਾ ਨੂੰ ਦੇਖਦੇ ਹੋਏ ਘਟਨਾ ਸਥਾਨ ਦੇ ਕੋਲੋਂ ਲੰਘ ਰਹੀ ਦਿੱਲੀ-ਹਾਵੜਾ ਲਾਈਨ 'ਤੇ ਰੇਲਗੱਡੀਆਂ ਦਾ ਸੰਚਾਲਨ ਇੱਕ ਘੰਟੇ ਲਈ ਰੋਕ ਦਿੱਤਾ ਗਿਆ ਸੀ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਕੌਸ਼ਾਂਬੀ ਦੇ ਜ਼ਿਲ੍ਹਾ ਮੈਜਿਸਟਰੇਟ ਡਾ. ਅਮਿਤ ਪਾਲ, ਪੁਲੀਸ ਅਧਿਕਾਰੀ ਸਤਿਆਨਾਰਾਇਣ ਪ੍ਰਜਾਪਤ, ਪ੍ਰਯਾਗਰਾਜ ਖੇਤਰ ਦੇ ਡੀ.ਆਈ.ਜੀ. ਅਜੇ ਮਿਸ਼ਰਾ ਮੌਕੇ 'ਤੇ ਪਹੁੰਚੇ। ਐੱਨ.ਡੀ.ਆਰ.ਐੱਫ., ਐੱਸ. ਡੀ. ਆਰ. ਐੱਫ., ਫਾਇਰ ਵਿਭਾਗ ਦੀਆਂ ਗੱਡੀਆਂ ਅਤੇ ਹੋਰ ਸੰਬੰਧਿਤ ਵਿਭਾਗਾਂ ਦੇ ਕਰਮਚਾਰੀ ਰਾਹਤ-ਬਚਾਅ ਕਾਰਜ (ਬਾਕੀ ਸਫ਼ਾ 2 'ਤੇ)

ਪੰਜਾਬ ਯੂਨੀਵਰਸਿਟੀ ਵਿਦਿਆਰਥੀ ਕੌਂਸਲ ਚੋਣ ਏ.ਬੀ.ਵੀ.ਪੀ. ਨੇ ਜਿੱਤੀ

- ਅੰਕਿਤ ਬਿਧਾਨ ਚੁਣੇ ਗਏ ਨਵੇਂ ਪ੍ਰਧਾਨ; ਅਕਾਲੀ ਦਲ ਦੇ ਵਿਦਿਆਰਥੀ ਵਿੰਗ ਨੇ ਦਿੱਤਾ ਸੀ ਸਮਰਥਨ

ਚੰਡੀਗੜ੍ਹ, 31 ਅਗਸਤ (ਪੈ.ਗਾਮ-ਏ-ਜਗਤ)

ਪੰਜਾਬ ਯੂਨੀਵਰਸਿਟੀ ਕੈਂਪਸ ਵਿਦਿਆਰਥੀ ਕੌਂਸਲ ਚੋਣਾਂ ਵਿੱਚ ਇਸ ਵਾਰ ਫਿਰ ਤੋਂ ਭਾਜਪਾ ਦੇ ਵਿਦਿਆਰਥੀ ਵਿੰਗ ਏ ਬੀ ਵੀ ਪੀ ਦੀ ਜਿੱਤ ਹੋਈ ਹੈ। ਏ.ਬੀ.ਵੀ.ਪੀ. ਦੇ ਉਮੀਦਵਾਰ ਅੰਕਿਤ ਬਿਧਾਨ ਇਹ ਚੋਣ ਜਿੱਤ ਕੇ ਵਿਦਿਆਰਥੀ ਕੌਂਸਲ ਦੇ ਪ੍ਰਧਾਨ ਬਣ ਗਏ ਹਨ।

ਦੱਸਣਯੋਗ ਹੈ ਕਿ ਸ਼?ਰੋਮਣੀ ਅਕਾਲੀ ਦਲ (ਬਾਦਲ) ਦੇ ਵਿਦਿਆਰਥੀ ਵਿੰਗ ਐੱਸ ਓ ਆਈ ਵੱਲੋਂ ਵੀ ਬੀਤੇ ਦਿਨ ਭਾਜਪਾ ਦੇ ਵਿਦਿਆਰਥੀ ਵਿੰਗ ਏ ਬੀ ਵੀ ਪੀ ਨੂੰ ਸਮਰਥਨ ਦੇ ਦਿੱਤਾ ਗਿਆ ਸੀ। ਅੱਜ ਅੰਕਿਤ ਬਿਧਾਨ ਦੀ ਜਿੱਤ ਅਤੇ ਇਸ ਗਠਜੋੜ ਨੇ ਸਿਆਸੀ ਗਲਿਆਰਿਆਂ ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਕ ਨਵੀਂ ਚਰਚਾ ਛੇੜ ਦਿੱਤੀ ਹੈ। ਜਿਉਂ ਹੀ ਅੱਜ ਪੀ ਯੂ ਦੇ ਜਿਮਨੇਜ਼ੀਅਮ ਹਾਲ ਵਿੱਚ ਚੋਣ ਨਤੀਜੇ ਐਲਾਨੇ ਗਏ ਤਾਂ ਅੰਕਿਤ ਬਿਧਾਨ ਦੀ ਜਿੱਤ ਦੀ ਖਬਰ ਸੁਣਦਿਆਂ ਹੀ ਏ ਬੀ ਵੀ ਪੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ



ਵਿਦਿਆਰਥੀ ਵਿੰਗ ਐਸ ਓ ਆਈ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਅੰਕਿਤ ਦੇ ਸਮਰਥਕਾਂ ਨੇ ਉਸ ਨੂੰ ਮੋਢਿਆਂ ਉਤੇ ਚੁੱਕ ਕੇ ਜਿੱਤ ਦੇ ਜਸ਼ਨ ਮਨਾਏ। ਹਾਲਾਂਕਿ ਕਹਿਣ ਨੂੰ ਤਾਂ ਇਹ ਸਿਰਫ ਵਿਦਿਆਰਥੀ ਕੌਂਸਲ ਦੀ ਚੋਣ ਸੀ ਅਤੇ (ਬਾਕੀ ਸਫ਼ਾ 2 'ਤੇ)

ਭਾਰਤੀ ਅਰਥਚਾਰੇ 'ਚ ਆਰ.ਬੀ.ਆਈ. ਦੇ ਅਨੁਮਾਨ ਨਾਲੋਂ ਜ਼ਿਆਦਾ ਵਾਧਾ

- ਆਰ.ਬੀ.ਆਈ. ਨੇ ਸੱਤ ਫੀਸਦੀ ਰਹਿਣ ਦਾ ਲਾਇਆ ਸੀ ਅੰਦਾਜ਼ਾ; ਜੀ.ਡੀ.ਪੀ.7.8 ਫੀਸਦੀ ਰਹੀ

ਨਵੀਂ ਦਿੱਲੀ, 31 ਅਗਸਤ (ਪੈ.ਗਾਮ-ਏ-ਜਗਤ)

ਪੱਛਮੀ ਏਸ਼ੀਆ ਵਿੱਚ ਤਣਾਅ ਕਾਰਨ ਮਹਿੰਗਾਈ ਵਧ ਰਹੀ ਹੈ। ਇਸ ਦੇ ਬਾਵਜੂਦ ਭਾਰਤੀ ਅਰਥਚਾਰਾ ਰਿਜ਼ਰਵ ਬੈਂਕ ਦੇ ਅੰਦਾਜ਼ੇ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਹੋਇਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਇਸ ਸਾਲ ਦੀ ਪਹਿਲੀ ਤਿਮਾਹੀ ਅਪਰੈਲ ਤੋਂ ਜੂਨ ਦੌਰਾਨ ਦੇਸ਼ ਦੀ ਜੀ ਡੀ ਪੀ ਵਾਧਾ ਦਰ 7.8 ਫੀਸਦੀ ਰਹੀ ਹੈ ਜਦਕਿ RBI ਨੇ ਇਸ ਦੇ 7 ਫੀਸਦੀ ਰਹਿਣ ਦਾ ਅੰਦਾਜ਼ਾ ਲਾਇਆ ਸੀ। ਇਸ ਤੋਂ ਪਿਛਲੇ ਸਾਲ ਇਸੇ ਤਿਮਾਹੀ ਵਿੱਚ ਇਹ ਵਾਧਾ ਦਰ 6.9 ਫੀਸਦੀ ਸੀ।

ਫਾਇਨਾਂਸ, ਰੀਅਲ ਅਸਟੇਟ, ਆਈ ਟੀ ਅਤੇ ਪ੍ਰੋਫੈਸ਼ਨਲ ਸਰਵਿਸਿਜ਼ ਵਰਗੇ ਖੇਤਰਾਂ ਵਿੱਚ 12 ਫੀਸਦੀ ਤੋਂ ਵੀ ਵੱਧ ਦਾ ਵਾਧਾ ਦੇਖਣ ਨੂੰ ਮਿਲਿਆ ਹੈ। ਇਸ ਵਾਧੇ ਕਾਰਨ ਮਹਿੰਗਾਈ ਦਾ ਅਸਰ ਦੇਸ਼ ਦੀ ਜੀ ਡੀਪੀ ਉੱਤੇ ਨਹੀਂ ਪਿਆ। ਇਹ ਅੰਕੜੇ ਅੱਜ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਹਨ।

ਦੇਸ਼ ਦੀ ਅਸਲ ਜੀ.ਡੀ.ਪੀ. 7.8 ਫੀਸਦੀ ਦੀ ਦਰ ਨਾਲ ਵਧ ਕੇ 81.36 ਲੱਖ ਕਰੋੜ ਰੁਪਏ ਤੱਕ ਪਹੁੰਚ ਗਈ ਹੈ ਜਦਕਿ ਪਿਛਲੇ ਸਾਲ ਇਹ 75.46 ਲੱਖ ਕਰੋੜ ਰੁਪਏ ਸੀ। ਇਸੇ ਤਰ੍ਹਾਂ ਅਸਲ ਜੀਵੀਏ ਵੀ 8.2 ਫੀਸਦੀ ਵਧ ਕੇ 73.82 ਲੱਖ ਕਰੋੜ ਰੁਪਏ ਰਿਹਾ ਹੈ। ਇਸ ਤੋਂ ਇਲਾਵਾ ਨਾਮਾਤਰ ਜੀ.ਡੀ.ਪੀ. 10.3 ਫੀਸਦੀ ਦੇ ਵਾਧੇ ਨਾਲ 88.27 ਲੱਖ ਕਰੋੜ ਰੁਪਏ ਦਰਜ ਕੀਤੀ ਗਈ ਹੈ, ਜੋ ਕਿ ਪਿਛਲੇ ਸਾਲ 80 ਲੱਖ ਕਰੋੜ ਰੁਪਏ ਸੀ ਅਤੇ ਨਾਮਾਤਰ ਜੀ ਵੀ ਏ 11.5 ਫੀਸਦੀ ਦੀ ਤੇਜ਼ੀ ਨਾਲ 80.53 ਲੱਖ ਕਰੋੜ ਰੁਪਏ ਤੱਕ ਪਹੁੰਚ ਚੁੱਕਾ ਹੈ।

ਪੰਜਾਬ ਇੰਚਾਰਜ ਡਾ. ਸਤੀਸ਼ ਪੂਨੀਆ ਨੇ ਕੀਤਾ ਇਸ਼ਾਰਾ

ਪੰਜਾਬ ਚੋਂ ਵੀ.ਆਈ.ਪੀ. ਕਲਚਰ ਖ਼ਤਮ ਕਰੇਗੀ ਭਾਜਪਾ : ਡਾ. ਸਤੀਸ਼ ਪੂਨੀਆ

ਚੰਡੀਗੜ੍ਹ, 31 ਅਗਸਤ (ਪੈ.ਗਾਮ-ਏ-ਜਗਤ)

ਪੰਜਾਬ ਭਾਜਪਾ ਨੇ ਹੁਣ ਸੂਬੇ ਚੋਂ ਵੀ ਆਈ ਪੀ ਕਲਚਰ ਖ਼ਤਮ ਕਰਨ ਵੱਲ ਇਸ਼ਾਰਾ ਕੀਤਾ ਹੈ। ਭਾਜਪਾ ਦੇ ਨਵੇਂ ਇੰਚਾਰਜ ਡਾ. ਸਤੀਸ਼ ਪੂਨੀਆ ਨੇ ਅੱਜ ਇਸ ਦੀ ਨੀਂਹ ਰੱਖ ਦਿੱਤੀ ਹੈ। ਦੇਖਣਾ ਹੋਵੇਗਾ, ਕੀ ਪੰਜਾਬ ਭਾਜਪਾ ਆਪਣੇ ਚੋਣ ਮਨੋਰਥ ਪੱਤਰ 'ਚ ਵੀ ਆਈ ਪੀ ਕਲਚਰ ਦੇ ਖ਼ਾਤਮੇ ਨੂੰ ਇੱਕ ਏਜੰਡੇ ਵਜੋਂ ਹਿੱਸਾ ਬਣਾਉਂਦੀ ਹੈ ਜਾਂ ਨਹੀਂ। ਡਾ. ਸਤੀਸ਼ ਪੂਨੀਆ ਨੇ ਪੰਜਾਬ ਦੌਰਾ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਅਪੀਲ ਜਾਰੀ ਕੀਤੀ ਹੈ ਜੋ ਵੀ ਆਈ ਪੀ ਕਲਚਰ ਤੋਂ ਕਿਨਾਰਾ ਕਰਨ ਨਾਲ ਸਬੰਧਿਤ ਹੈ।

ਪੰਜਾਬ ਭਾਜਪਾ ਦੇ ਇੰਚਾਰਜ ਡਾ. ਸਤੀਸ਼ ਪੂਨੀਆ ਨੇ ਅਪੀਲ ਕੀਤੀ ਹੈ ਕਿ ਉਨ੍ਹਾਂ ਦੇ ਸਵਾਗਤ 'ਚ ਕੋਈ ਗੁਲਦਸਤੇ ਭੇਟ ਨਾ ਕੀਤੇ ਜਾਣ ਅਤੇ ਨਾ ਹੀ ਕਿਸੇ ਕਿਸਮ ਦਾ ਤੋਹਫ਼ਾ ਦਿੱਤਾ ਜਾਵੇ। ਸਮਾਗਮ ਵੀ ਸਧਾਰਨ



ਰੱਖੇ ਜਾਣ। ਉਹ ਮਹਿੰਗੇ ਤੋਹਫ਼?ਆਂ ਤੋਂ ਪਰਹੇਜ਼ ਕਰਨਗੇ। ਪੂਨੀਆ ਨੇ ਕਿਹਾ ਕਿ ਚੰਗਾ ਹੋਵੇ ਕਿ ਇਸ ਕਲਚਰ ਤੋਂ ਲਾਂਭੇ ਹੋ ਕੇ ਕਿਸੇ ਗ਼ਰੀਬ ਬੱਚੇ ਦੀ ਮਦਦ ਕੀਤੀ ਜਾਵੇ, ਅੰਗਹੀਣ ਜਾਂ ਅਨਾਥ ਆਸ਼ਰਮਾਂ 'ਚ ਭਲਾਈ ਦਾ ਕੰਮ ਕੀਤੇ ਜਾਵੇ। ਉਨ੍ਹਾਂ ਕਿਹਾ ਕਿ ਗੁਲਦਸਤੇ ਦੀ ਥਾਂ ਉਨ੍ਹਾਂ ਨੂੰ ਸਿਰਫ਼ ਇੱਕ ਫੁੱਲ ਹੀ ਦਿੱਤਾ ਜਾਵੇ।

ਅੱਜ ਜਦੋਂ ਡਾ. ਪੂਨੀਆ ਚੰਡੀਗੜ੍ਹ ਹਵਾਈ ਅੱਡੇ 'ਤੇ ਪਹੁੰਚੇ ਤਾਂ ਉਨ੍ਹਾਂ ਦੇ ਸਵਾਗਤ ਲਈ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਪਹੁੰਚੇ। ਸਵਾਗਤ ਕਰਨ ਵਾਲਿਆਂ ਦੇ ਹੱਥਾਂ 'ਚ ਗੁਲਦਸਤੇ ਨਹੀਂ ਬਲਕਿ ਇੱਕ ਇੱਕ ਫੁੱਲ ਸਨ ਜਿਸ ਕਰਕੇ ਡਾ. ਪੂਨੀਆ ਦੀ ਅਪੀਲ ਦਾ ਅਸਰ ਵੀ ਸਵਾਗਤੀ ਪ੍ਰੋਗਰਾਮ 'ਚ ਦਿੱਖ ਰਿਹਾ ਸੀ। ਹਵਾਈ ਅੱਡੇ 'ਤੇ ਹੀ ਡਾ. ਪੂਨੀਆ ਦੇ ਕੇਸਰੀ (ਬਾਕੀ ਸਫ਼ਾ 2 'ਤੇ)

ਐਫਆਈਐਚ ਪੁਰਸ਼ ਹਾਕੀ ਵਿਸ਼ਵ ਕੱਪ

ਸਪੇਨ ਨੂੰ ਹਰਾ ਕੇ ਜਰਮਨੀ ਨੇ ਚੌਥੀ ਵਾਰ ਜਿੱਤਿਆ ਵਿਸ਼ਵ ਕੱਪ



ਵਾਵਰੇ, 31 ਅਗਸਤ (ਪੈ.ਗਾਮ-ਏ-ਜਗਤ)

ਬੈਲਜੀਅਮ ਵਿੱਚ ਐਫ ਆਈ ਐਚ ਪੁਰਸ਼ ਹਾਕੀ ਵਿਸ਼ਵ ਕੱਪ ਦਾ ਖਿਤਾਬ ਜਰਮਨੀ ਨੇ ਜਿੱਤ ਲਿਆ ਹੈ। ਫਾਈਨਲ ਮੁਕਾਬਲੇ ਵਿੱਚ ਪਿਛਲੀ ਚੈਂਪੀਅਨ ਜਰਮਨੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਪੇਨ ਨੂੰ 1-0 ਨਾਲ ਹਰਾ ਦਿੱਤਾ। ਮੈਚ ਦਾ ਫੈਸਲਾਕੁਨ ਗੋਲ 44ਵੇਂ ਮਿੰਟ ਵਿੱਚ ਜਰਮਨੀ ਦੇ ਮਾਈਕਲ ਸਟਰਟਫ ਨੇ ਕੀਤਾ। ਇਸ ਜਿੱਤ ਨਾਲ ਜਰਮਨੀ ਨੇ ਚੌਥੀ ਵਾਰ ਐੱਫਆਈਐੱਚ ਪੁਰਸ਼ ਹਾਕੀ ਵਿਸ਼ਵ ਕੱਪ ਦਾ ਖ਼ਿਤਾਬ ਆਪਣੇ ਨਾਮ ਕਰ ਲਿਆ ਹੈ ਅਤੇ ਪਾਕਿਸਤਾਨ ਦੇ ਚਾਰ ਖ਼ਿਤਾਬਾਂ ਦੇ ਰਿਕਾਰਡ ਦੀ ਬਰਾਬਰੀ ਕਰ ਲਈ ਹੈ। ਇਸ ਤੋਂ ਪਹਿਲਾਂ ਜਰਮਨੀ 2002, 2006 ਅਤੇ 2023 ਵਿੱਚ ਵੀ ਵਿਸ਼ਵ ਕੱਪ ਜਿੱਤ ਚੁੱਕਾ ਹੈ। ਜਦੋਂ ਕਿ ਸਪੇਨ 1998 ਤੋਂ ਬਾਅਦ ਪਹਿਲੀ ਵਾਰ ਅਤੇ ਕੁੱਲ (ਬਾਕੀ ਸਫ਼ਾ 2 'ਤੇ)

ਸਾਊਦੀ ਅਰਬ ਤੋਂ ਦਿੱਲੀ ਜਾ ਰਹੀ ਏਅਰ ਇੰਡੀਆ ਦੀ ਉਡਾਣ ਵਿੱਚ ਬੰਬ ਦੀ ਧਮਕੀ

- ਕ੍ਰੂ ਨੂੰ ਟਾਇਲਟ ਵਿੱਚ ਇੱਕ ਟਿਸ਼ੂ ਪੇਪਰ ਮਿਲਿਆ ਜਿਸ 'ਤੇ ਧਮਕੀ ਲਿਖੀ ਹੋਈ ਸੀ; ਅਹਿਮਦਾਬਾਦ ਵਿੱਚ ਐਮਰਜੈਂਸੀ ਲੈਂਡਿੰਗ

ਅਹਿਮਦਾਬਾਦ, 31 ਅਗਸਤ (ਪੈ.ਗਾਮ-ਏ-ਜਗਤ)

ਸਾਊਦੀ ਅਰਬ ਦੇ ਦਮਾਮ ਤੋਂ ਦਿੱਲੀ ਜਾ ਰਹੀ ਏਅਰ ਇੰਡੀਆ ਦੀ ਇੱਕ ਉਡਾਣ ਨੂੰ ਬੰਬ ਦੀ ਧਮਕੀ ਤੋਂ ਬਾਅਦ ਸੋਮਵਾਰ ਨੂੰ ਅਹਿਮਦਾਬਾਦ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਕਰਨੀ ਪਈ। ਉਡਾਣ ਦੌਰਾਨ, ਇੱਕ ਚਾਲਕ ਦਲ ਦੇ ਮੈਂਬਰ ਨੂੰ ਜਹਾਜ਼ ਦੇ ਟਾਇਲਟ ਵਿੱਚ ਇੱਕ ਟਿਸ਼ੂ ਪੇਪਰ ਮਿਲਿਆ ਜਿਸ 'ਤੇ ਅੰਗਰੇਜ਼ੀ ਵਿੱਚ 'ਬੰਬ' ਸ਼ਬਦ ਲਿਖਿਆ ਹੋਇਆ ਸੀ। ਉਡਾਣ ਨੂੰ ਅਹਿਮਦਾਬਾਦ ਵੱਲ ਮੋੜ ਦਿੱਤਾ ਗਿਆ ਅਤੇ ਲਗਭਗ 4:30 ਵਜੇ ਸੁਰੱਖਿਅਤ ਉਤਾਰਿਆ ਗਿਆ। ਜਹਾਜ਼ ਵਿੱਚ 32 ਯਾਤਰੀ ਸਵਾਰ ਸਨ। ਉਤਰਨ ਤੋਂ ਬਾਅਦ, ਸਾਰੇ ਯਾਤਰੀਆਂ ਨੂੰ ਸੁਰੱਖਿਅਤ ਉਤਾਰਿਆ ਗਿਆ ਅਤੇ ਟਰਮੀਨਲ-2 'ਤੇ ਲਿਜਾਇਆ ਗਿਆ।

ਸੁਰੱਖਿਆ ਏਜੰਸੀਆਂ ਨੇ ਜਹਾਜ਼ ਨੂੰ ਇੱਕ ਆਈਸੋਲੇਸ਼ਨ ਖੇਤਰ ਵਿੱਚ ਭੇਜ ਦਿੱਤਾ ਅਤੇ ਕੈਬਿਨ, ਸੀਟਾਂ, ਮਾਲ ਅਤੇ ਯਾਤਰੀਆਂ ਦੇ ਸਮਾਨ ਦੀ ਜਾਂਚ ਕੀਤੀ। ਸ਼ੁਰੂਆਤੀ ਜਾਂਚ ਵਿੱਚ ਜਹਾਜ਼ ਵਿੱਚ ਕੋਈ ਸ਼ੱਕੀ ਵਸਤੂ ਜਾਂ ਵਿਸਫੋਟਕ ਨਹੀਂ ਮਿਲਿਆ। ਪੁਲਿਸ ਦੇ ਅਨੁਸਾਰ, ਟਿਊਬ ਪੇਪਰ ਮਿਲਣ ਤੋਂ ਤੁਰੰਤ ਬਾਅਦ ਚਾਲਕ ਦਲ ਦੇ ਮੈਂਬਰ ਨੇ ਪਾਇਲਟ ਨੂੰ ਸੂਚਿਤ ਕੀਤਾ। ਇਸ ਤੋਂ ਬਾਅਦ, ਸੁਰੱਖਿਆ ਪ੍ਰੋਟੋਕੋਲ ਦੇ ਅਨੁਸਾਰ ਉਡਾਣ ਨੂੰ ਅਹਿਮਦਾਬਾਦ ਵੱਲ ਮੋੜਨ ਦਾ ਫੈਸਲਾ ਕੀਤਾ ਗਿਆ। (ਬਾਕੀ ਸਫ਼ਾ 2 'ਤੇ)

ਈਥਾਨੌਲ ਪ੍ਰਤੀਸ਼ਤ ਦੇ ਖੁਲਾਸੇ ਦੀ ਮੰਗ ਕਰਨ ਵਾਲੀ ਪਟੀਸ਼ਨ ਖਾਰਜ

- ਸਮਰੱਥ ਅਥਾਰਟੀ ਤੱਕ ਪਹੁੰਚ ਕਰੋ; ਪੁਰਾਣੇ ਵਾਹਨਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਈ20 ਬਾਲਣ ਬਾਰੇ ਚਿੰਤਾਵਾਂ ਉਠਾਈਆਂ ਗਈਆਂ : ਸੁਪਰੀਮ ਕੋਰਟ

ਨਵੀਂ ਦਿੱਲੀ, 31 ਅਗਸਤ (ਪੈ.ਗਾਮ-ਏ-ਜਗਤ)

ਸੁਪਰੀਮ ਕੋਰਟ ਨੇ ਪੈਟਰੋਲ ਪੰਪ ਨੋਜ਼ਲਾਂ 'ਤੇ ਈਥਾਨੌਲ ਦੀ ਮਾਤਰਾ ਪ੍ਰਦਰਸ਼ਿਤ ਕਰਨ ਦੇ ਆਦੇਸ਼ ਦੀ ਮੰਗ ਕਰਨ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਅਦਾਲਤ ਨੇ ਪਟੀਸ਼ਨਰ ਨੂੰ ਇਸ ਮਾਮਲੇ ਸੰਬੰਧੀ ਸਬੰਧਤ ਸਮਰੱਥ ਅਥਾਰਟੀ ਤੱਕ ਪਹੁੰਚ ਕਰਨ ਦਾ ਨਿਰਦੇਸ਼ ਦਿੱਤਾ। ਪਟੀਸ਼ਨ ਅੱਜ, 31 ਅਗਸਤ ਨੂੰ ਖਾਰਜ ਕਰ ਦਿੱਤੀ ਗਈ।

ਐਡਵੋਕੇਟ ਨਰਿੰਦਰ ਕੁਮਾਰ ਗੋਸਵਾਮੀ ਨੇ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਸੀ ਜਿਸ ਵਿੱਚ ਕੇਂਦਰ ਸਰਕਾਰ ਨੂੰ ਦੇਸ਼ ਭਰ ਦੇ ਪੈਟਰੋਲ ਪੰਪਾਂ 'ਤੇ ਹਰੇਕ ਡਿਸਪੈਂਸਿੰਗ ਨੋਜ਼ਲ 'ਤੇ ਇਕਸਾਰ ਲੇਬਲਿੰਗ ਲਾਜ਼ਮੀ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। ਲੇਬਲ ਵਿੱਚ ਵੇਚੇ ਜਾ ਰਹੇ ਪੈਟਰੋਲ ਵਿੱਚ ਮਿਲਾਏ ਜਾਣ ਵਾਲੇ ਈਥਾਨੌਲ (ਜਿਵੇਂ ਕਿ ਈ20) ਦੀ ਪ੍ਰਤੀਸ਼ਤਤਾ ਨੂੰ ਸਪੱਸ਼ਟ ਤੌਰ 'ਤੇ ਦੱਸਣਾ ਸੀ। ਜਸਟਿਸ ਐਮ.ਐਮ. ਸੁੰਦਰੇਸ਼ ਅਤੇ ਜਸਟਿਸ ਪੀ.ਬੀ. ਵਰਾਲੇ ਦੀ ਬੈਂਚ ਨੇ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਆਪਣੇ ਹੁਕਮ ਵਿੱਚ, ਅਦਾਲਤ ਨੇ ਕਿਹਾ, ਪਟੀਸ਼ਨ ਖਾਰਜ ਕੀਤੀ ਜਾਂਦੀ ਹੈ। ਪਟੀਸ਼ਨਕਰਤਾ ਸਮਰੱਥ ਅਥਾਰਟੀ ਕੋਲ ਜਾਣ ਲਈ ਸੁਤੰਤਰ ਹੈ। ਅਦਾਲਤ ਨੇ ਇਹ



ਵੀ ਸਵਾਲ ਕੀਤਾ ਕਿ ਪਟੀਸ਼ਨਕਰਤਾ ਪਹਿਲਾਂ ਹਾਈ ਕੋਰਟ ਜਾਂ ਸੰਬੰਧਤ ਵਿਭਾਗ ਕੋਲ ਜਾਣ ਦੀ ਬਜਾਏ ਸਿੱਧੇ ਸੁਪਰੀਮ ਕੋਰਟ ਕਿਉਂ ਆਇਆ ਸੀ।

ਬੈਂਚ ਨੇ ਪੁੱਛਿਆ: ਤੁਸੀਂ ਕੌਣ ਹੋ? ਤੁਸੀਂ ਕਿੱਥੇ ਪ੍ਰੈਕਟਿਸ ਕਰਦੇ ਹੋ? ਹਾਈ ਕੋਰਟ ਜਾਓ ਅਤੇ ਉੱਥੇ ਪਟੀਸ਼ਨ ਦਾਇਰ ਕਰੋ।

ਪਟੀਸ਼ਨਕਰਤਾ ਨੇ ਦਲੀਲ ਦਿੱਤੀ: ਮੈਨੂੰ ਜਾਣਨ ਦਾ ਅਧਿਕਾਰ ਹੈ। (ਬਾਕੀ ਸਫ਼ਾ 2 'ਤੇ)

ਕੌਮਾਂਤਰੀ ਅਦਾਲਤ ਵੱਲੋਂ ਭਾਰਤ ਦਾ ਫੈਸਲਾ ਰੱਦ; ਪਾਕਿਸਤਾਨ ਨਾਲ ਸਿੰਧ ਜਲ ਸੰਧੀ ਬਰਕਰਾਰ ਰੱਖੀ

- ਭਾਰਤ ਵੱਲੋਂ ਅਦਾਲਤ ਦੇ ਫੈਸਲੇ ਨੂੰ ਮੰਨਣ ਤੋਂ ਇਨਕਾਰ

ਐਮਸਟਰਡਮ, 31 ਅਗਸਤ (ਪੈ.ਗਾਮ-ਏ-ਜਗਤ)

ਹੇਗ ਵਿੱਚ ਸਥਿਤ ਸਥਾਈ ਸਾਲਸੀ ਅਦਾਲਤ ਨੇ ਸੋਮਵਾਰ ਨੂੰ ਫ਼ੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਭਾਰਤ ਨੂੰ ਪਾਕਿਸਤਾਨ ਨਾਲ ਹੋਈ ਉਸ ਪਾਣੀ ਦੀ ਵੰਡ ਸੰਧੀ ਨੂੰ ਲਾਗੂ ਰੱਖਣਾ ਚਾਹੀਦਾ ਹੈ ਜਿਸ ਨੂੰ ਦੋਵਾਂ ਦੇਸ਼ਾਂ ਦਰਮਿਆਨ ਤਣਾਅ ਕਾਰਨ ਮੁਅੱਤਲ ਕਰ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਅਦਾਲਤ ਨੇ ਕਸ਼ਮੀਰ ਖੇਤਰ ਵਿੱਚ ਬਣ ਰਹੇ ਇੱਕ ਪਣ-ਬਿਜਲੀ ਪ੍ਰਾਜੈਕਟ ਉੱਤੇ ਕੰਮ ਨੂੰ ਸੀਮਤ ਕਰਨ ਦੇ ਆਦੇਸ਼ ਵੀ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਪਰੈਲ ਵਿੱਚ ਪਹਿਲਗਾਮ ਦਹਿਸ਼ਤੀ ਹਮਲੇ ਵਿੱਚ 26 ਲੋਕਾਂ ਦੀ ਮੌਤ ਹੋ ਗਈ ਸੀ ਜਿਸ ਤੋਂ ਬਾਅਦ ਭਾਰਤ ਨੇ ਪਾਕਿਸਤਾਨੀ ਨੂੰ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਵਾਲੀ ਇਸ ਸੰਧੀ ਨੂੰ ਮੁਅੱਤਲ ਕਰ ਦਿੱਤਾ ਸੀ। ਇਹ ਸੰਧੀ ਪਾਕਿਸਤਾਨ ਦੇ 80 ਫੀਸਦੀ ਖੇਤਾਂ ਨੂੰ ਪਾਣੀ ਦੀ ਸਪਲਾਈ ਦਿੰਦੀ ਹੈ। ਉੱਧਰ, ਇਸਲਾਮਾਬਾਦ ਨੇ ਹਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਸੀ ਅਤੇ ਜਦੋਂ ਪਿਛਲੇ ਸਾਲ ਭਾਰਤ ਨੇ ਕਸ਼ਮੀਰ ਖੇਤਰ ਵਿੱਚ ਦੋ ਪਣ-ਬਿਜਲੀ (ਬਾਕੀ ਸਫ਼ਾ 2 'ਤੇ)

ਕੌਮੀ ਕਮਿਸ਼ਨ ਵੱਲੋਂ ਰਾਜਾ ਵੜਿੰਗ ਦੀ ਗ੍ਰਿਫ਼ਤਾਰੀ ਦੇ ਹੁਕਮ

- ਮਰਹੂਮ ਬੂਟਾ ਸਿੰਘ ਖ਼ਿਲਾਫ਼ ਟਿੱਪਣੀਆਂ ਵੜਿੰਗ 'ਤੇ ਪੈ ਸਕਦੀਆਂ ਨੇ ਭਾਰੂ

ਚੰਡੀਗੜ੍ਹ, 31 ਅਗਸਤ (ਪੈ.ਗਾਮ-ਏ-ਜਗਤ)

ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਅੱਜ ਅਹਿਮ ਫ਼ੈਸਲਾ ਲੈਂਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜ ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਜਾਣ ਦੇ ਹੁਕਮ ਸੁਣਾਏ ਹਨ, ਜਿਸ ਨਾਲ ਹੁਣ ਵੜਿੰਗ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਮਾਮਲਾ ਤਰਨ ਤਾਰਨ ਵਿੱਚ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਵੱਲੋਂ ਅਨੁਸੂਚਿਤ ਜਾਤੀ ਭਾਈਚਾਰੇ ਵਿਰੁੱਧ ਕਥਿਤ ਤੌਰ 'ਤੇ ਮੰਦੀ ਸ਼ਬਦਾਵਲੀ ਵਰਤਣ ਦਾ ਹੈ।



ਰਾਜਾ ਵੜਿੰਗ ਨੇ ਤਰਨ ਤਾਰਨ ਦੀ ਜ਼ਿਮਨੀ ਚੋਣ ਦੌਰਾਨ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਮਰਹੂਮ ਬੂਟਾ ਸਿੰਘ ਖ਼ਿਲਾਫ਼ ਕਥਿਤ ਭੱਦੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਸੀ। ਵੜਿੰਗ, ਜੋ ਪਹਿਲਾਂ ਹੀ ਕਾਂਗਰਸ ਦੀ ਅੰਦਰੂਨੀ ਜੰਗ 'ਚ ਉਲਝੇ ਹੋਏ ਹਨ, ਉਨ੍ਹਾਂ ਲਈ ਕੌਮੀ ਕਮਿਸ਼ਨ ਦਾ ਫ਼ੈਸਲਾ ਨਵੀਂ ਚੁਣੌਤੀ ਬਣੇਗਾ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਨੇ ਅੱਜ ਇਸ ਉਪਰੋਕਤ ਮਾਮਲੇ ਦੀ ਸੁਣਵਾਈ ਕੀਤੀ ਅਤੇ ਇਸ ਮੌਕੇ ਪੰਜਾਬ ਪੁਲੀਸ ਤਰਫ਼ੋਂ ਡੀ ਐੱਸ ਪੀ ਹਰਪ੍ਰੀਤ ਸਿੰਘ ਅਤੇ ਡੀ ਐੱਸ ਪੀ (ਈ ਓ ਅਤੇ ਸਾਈਬਰ ਕ੍ਰਾਈਮ) ਗੁਲਜ਼ਾਰ ਸਿੰਘ ਪੇਸ਼ ਹੋਏ।

ਇਸ ਮੌਕੇ ਪਟੀਸ਼ਨਰ ਸਰਬਜੋਤ ਸਿੰਘ, ਜੋ ਕਿ ਮਰਹੂਮ ਬੂਟਾ ਸਿੰਘ ਦੇ ਸਪੁੱਤਰ ਹਨ, ਵੀ ਹਾਜ਼ਰ ਸਨ। ਕੌਮੀ ਕਮਿਸ਼ਨ ਨੇ ਪੰਜਾਬ ਪੁਲੀਸ ਦੀ ਢਿੱਲੀ ਕਾਰਗੁਜ਼ਾਰੀ 'ਤੇ ਉਂਗਲ ਉਠਾਈ ਅਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਅਤੇ ਐਕਸ਼ਨ ਟੇਕਨ ਰਿਪੋਰਟ ਸੌਂਪਣ ਵਿੱਚ ਹੋ ਰਹੀ ਦੇਰੀ 'ਤੇ ਗੰਭੀਰ ਚਿੰਤਾ ਪ੍ਰਗਟਾਈ। ਕੌਮੀ ਕਮਿਸ਼ਨ ਨੇ 5 ਮਈ 2026 ਨੂੰ ਹੋਈ ਸੁਣਵਾਈ ਦੌਰਾਨ ਨਿਯਮਾਂ ਅਨੁਸਾਰ ਤੈਅ ਸਮੇਂ ਦੇ ਅੰਦਰ ਜਾਂਚ ਪੂਰੀ ਕਰਨ ਦੀ ਸਿਫ਼ਾਰਸ਼ ਕੀਤੀ ਸੀ।


ਕੌਮੀ ਕਮਿਸ਼ਨ ਨੇ ਪਟੀਸ਼ਨਰ ਸਰਬਜੋਤ ਸਿੰਘ ਦੀ ਇਸ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਕਿਹਾ ਕਿ ਉਨ੍ਹਾਂ ਨੂੰ ਕਥਿਤ ਮੁਲਜ਼ਮਾਂ ਵੱਲੋਂ ਮਿਲ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਲੋੜੀਂਦੀ ਸੁਰੱਖਿਆ ਮੁਹੱਈਆ ਕਰਾਉਣ ਦੇ ਹੁਕਮ ਵੀ ਜਾਰੀ ਕੀਤੇ ਹਨ। ਇਸ ਤੋਂ ਇਲਾਵਾ 30 ਦਿਨਾਂ ਦੇ ਅੰਦਰ ਐਕਸ਼ਨ ਟੇਕਨ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਵੀ ਦਿੱਤੇ ਹਨ। ਕੌਮੀ ਕਮਿਸ਼ਨ ਨੇ ਅੱਜ ਸੰਬੰਧਿਤ ਅਧਿਕਾਰੀਆਂ ਨੂੰ ਕਾਨੂੰਨ ਅਨੁਸਾਰ ਇਸ (ਬਾਕੀ ਸਫ਼ਾ 2 'ਤੇ)

ਸੁਪਰੀਮ ਕੋਰਟ ਨੇ 5 ਸਤੰਬਰ ਦੇ ਸੀ.ਜੇ.ਪੀ. ਦੇ ਵਿਰੋਧ ਮਾਰਚ 'ਤੇ ਰੋਕ ਲਾਉਣ ਤੋਂ ਕੀਤਾ ਇਨਕਾਰ

- ਲੁਟੀਅਨਜ਼ ਦਿੱਲੀ ਅਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਬਿਨਾਂ ਇਜਾਜ਼ਤ ਦੇ ਇਕੱਠਾਂ ਅਤੇ ਮਾਰਚਾਂ 'ਤੇ ਪਾਬੰਦੀ ਲਾਉਣ ਦੀ ਕੀਤੀ ਗਈ ਹੈ ਮੰਗ

ਨਵੀਂ ਦਿੱਲੀ, 31 ਅਗਸਤ (ਪੈ.ਗਾਮ-ਏ-ਜਗਤ)

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕੌਕਰੋਚ ਜਨਤਾ ਪਾਰਟੀ (ਸੀ.ਜੇ.ਪੀ.) ਵੱਲੋਂ 5 ਸਤੰਬਰ ਨੂੰ ਸੱਦੇ ਗਏ ਵਿਰੋਧ ਮਾਰਚ 'ਤੇ ਰੋਕ ਲਗਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਹੁਕਮ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਉਹ ਉਮੀਦ ਕਰਦੀ ਹੈ ਕਿ ਹਰ ਕੋਈ ਸ਼ਾਂਤੀਪੂਰਨ ਅਤੇ ਕਾਨੂੰਨੀ ਤਰੀਕੇ ਨਾਲ ਕੰਮ ਅਤੇ ਵਿਵਹਾਰ ਕਰੇਗਾ।



ਚੀਫ਼ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਲਿਆ ਬਾਗਚੀ ਅਤੇ ਵੀ ਮੋਹਨਾ ਦੀ ਬੈਂਚ ਨੇ ਪਟੀਸ਼ਨਰ ਨੂੰ ਨੀਟ ਵਿਰੋਧ ਪ੍ਰਦਰਸ਼ਨਾਂ ਦੌਰਾਨ ਪੁਲੀਸ ਹਿੰਸਾ ਦੇ ਦੋਸ਼ਾਂ ਦੀ ਜਾਂਚ ਲਈ ਅਦਾਲਤ ਦੁਆਰਾ ਗਠਿਤ ਹਾਈ-ਪਾਵਰਡ ਜਾਂਚ ਕਮੇਟੀ ਨੂੰ ਆਪਣੀ ਪਟੀਸ਼ਨ ਸੌਂਪਣ ਲਈ ਕਿਹਾ।

ਬੈਂਚ ਨੇ ਕਿਹਾ, "ਮਾਮਲੇ ਨੂੰ ਲੰਬਿਤ ਪਟੀਸ਼ਨਾਂ ਦੇ ਨਾਲ ਸੂਚੀਬੱਧ ਕੀਤਾ ਜਾਵੇ। ਇਸ 'ਤੇ 10 ਸਤੰਬਰ ਨੂੰ ਸੁਣਵਾਈ ਹੋਵੇਗੀ,"ਨਾਲ ਹੀ ਇਸ ਮਾਮਲੇ ਵਿੱਚ ਨੋਟਿਸ ਵੀ ਜਾਰੀ ਕੀਤਾ ਗਿਆ। ਬੈਂਚ ਨੇ ਕਿਹਾ, ਉਨ੍ਹਾਂ ਤੋਂ ਕਾਨੂੰਨ-ਵਿਵਸਥਾ ਬਣਾਈ ਰੱਖਣ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਕਾਨੂੰਨ-ਵਿਵਸਥਾ ਨੂੰ ਕਾਇਮ ਰੱਖੇ ਅਤੇ ਇਹ ਦੱਸੇ ਕਿ ਕੀ ਗੈਰ-ਕਾਨੂੰਨੀ ਹੈ ਅਤੇ ਕੀ ਕਾਨੂੰਨੀ। ਅਸੀਂ ਉਮੀਦ ਕਰਦੇ ਹਾਂ ਕਿ ਉਹ ਉਨ੍ਹਾਂ ਦਾਇਰਿਆਂ ਦੇ ਅੰਦਰ ਰਹਿ ਕੇ ਕੰਮ ਕਰਨਗੇ। ਅਸੀਂ ਦੋਵਾਂ ਧਿਰਾਂ ਤੋਂ ਉਮੀਦ ਕਰਦੇ ਹਾਂ ਕਿ ਉਹ ਕਾਨੂੰਨ ਦਾ ਸਤਿਕਾਰ ਕਰਨਗੇ, ਆਪਣਾ ਆਚਰਣ ਠੀਕ ਰੱਖਣਗੇ ਅਤੇ ਦੇਸ਼ ਦੇ ਕਾਨੂੰਨ ਦੀ ਪਾਲਣਾ ਕਰਨਗੇ। ਸੀ.ਜੇ.ਪੀ. ਨੇ ਦਿੱਲੀ ਵਿੱਚ ਵਿਰੋਧ ਮਾਰਚ ਦਾ ਸੱਦਾ ਦਿੱਤਾ ਹੈ। ਪਾਰਟੀ ਦਾ ਦੋਸ਼ ਹੈ ਕਿ (ਬਾਕੀ ਸਫ਼ਾ 2 'ਤੇ)

ਨੇਪਾਲ ਹੜ੍ਹ : ਰਾਹਤ ਅਤੇ ਖੋਜ ਕਾਰਜ ਛੇਵੇਂ ਦਿਨ ਵੀ ਜਾਰੀ

955 ਮੌਤਾਂ, 4,247 ਲੋਕ ਲਾਪਤਾ

- ਚਿਤਵਾਨ ਵਿੱਚ ਅਸਥਾਈ ਕਬਰਾਂ ਵਿੱਚ ਦੱਬੀਆਂ ਲਗਭਗ 100 ਅਣਪਛਾਤੀਆਂ ਲਾਸ਼ਾਂ; ਪਰਿਵਾਰਾਂ ਨੇ ਸਵਾਲ ਉਠਾਏ

ਕਾਠਮੰਡੂ, 31 ਅਗਸਤ (ਪੈ.ਗਾਮ-ਏ-ਜਗਤ)

26 ਅਗਸਤ ਨੂੰ ਨੇਪਾਲ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਅਤੇ ਜ਼ਮੀਨ ਖਿਸਕਣ ਨਾਲ ਮਰਨ ਵਾਲਿਆਂ ਦੀ ਗਿਣਤੀ 955 ਹੋ ਗਈ ਹੈ, ਜਦੋਂ ਕਿ 4,247 ਲੋਕ ਲਾਪਤਾ ਹਨ। ਰਾਸ਼ਟਰੀ ਆਫ਼ਤ ਜੋਖਮ ਘਟਾਉਣ ਅਤੇ ਪ੍ਰਬੰਧਨ ਅਥਾਰਟੀ ਦੇ ਅਨੁਸਾਰ, ਬਚਾਅ ਟੀਮਾਂ ਆਫ਼ਤ ਦੇ ਛੇਵੇਂ ਦਿਨ ਵੀ ਲਾਸ਼ਾਂ ਦੀ ਭਾਲ ਅਤੇ ਪ੍ਰਭਾਵਿਤ ਖੇਤਰਾਂ ਵਿੱਚ ਫਸੇ ਲੋਕਾਂ ਨੂੰ ਕੱਢਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖ ਰਹੀਆਂ ਹਨ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਰੇ ਅੱਠ ਪ੍ਰਭਾਵਿਤ ਜ਼ਿਲ੍ਹਿਆਂ ਤੋਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਹੁਣ ਤੱਕ, ਬਰਾਮਦ ਕੀਤੀਆਂ ਗਈਆਂ



ਲਾਸ਼ਾਂ ਦਾ ਵੇਰਵਾ ਇਸ ਪ੍ਰਕਾਰ ਹੈ: ਚਿਤਵਾਨ ਵਿੱਚ 272, ਨਵਲਪਰਾਸੀ ਪੂਰਬ ਵਿੱਚ 207, ਨਵਲਪਰਾਸੀ ਪੱਛਮ ਵਿੱਚ 151, ਨੁਵਾਕੋਟ ਵਿੱਚ 95, ਗੋਰਖਾ ਵਿੱਚ 62, ਧਾਡਿੰਗ ਵਿੱਚ 55, ਤਾਨਾਹੁਨ ਵਿੱਚ 37 ਅਤੇ ਰਸੁਵਾ ਵਿੱਚ 24। ਲਾਪਤਾ ਵਿਅਕਤੀਆਂ ਵਿੱਚ 85 ਸੁਰੱਖਿਆ ਕਰਮਚਾਰੀ ਅਤੇ 320 ਵਿਦੇਸ਼ੀ ਨਾਗਰਿਕ ਸ਼ਾਮਲ ਹਨ। ਇਹ ਆਫ਼ਤ ਨੇਪਾਲ-ਤਿੱਬਤ ਸਰਹੱਦ ਦੇ ਨੇੜੇ ਬਰਫ਼ ਖਿਸਕਣ ਜਾਂ ਬਰਫ਼ ਅਤੇ ਚੱਟਾਨ ਦੇ ਵੱਡੇ ਬਦਲਾਅ ਕਾਰਨ ਹੋਈ ਹੋਣ ਦਾ ਸ਼ੱਕ ਹੈ, ਜਿਸ ਕਾਰਨ ਉੱਤਰੀ ਅਤੇ ਮੱਧ ਨੇਪਾਲ ਦੇ ਕਸਬਿਆਂ ਅਤੇ ਪਿੰਡਾਂ ਵਿੱਚ ਵਿਆਪਕ ਤਬਾਹੀ ਹੋਈ ਹੈ।

ਆਫ਼ਤ ਤੋਂ ਬਾਅਦ ਸਭ ਤੋਂ ਮਹੱਤਵਪੂਰਨ ਚੁਣੌਤੀਆਂ ਵਿੱਚੋਂ ਇੱਕ ਬਰਾਮਦ ਕੀਤੀਆਂ ਗਈਆਂ ਲਾਸ਼ਾਂ ਦੀ ਪਛਾਣ ਅਤੇ ਸਹੀ ਢੰਗ ਨਾਲ ਸੰਭਾਲ ਹੈ। ਦੱਖਣੀ-ਮੱਧ ਨੇਪਾਲ ਦੇ ਚਿਤਵਾਨ ਜ਼ਿਲ੍ਹੇ ਵਿੱਚ, ਲਗਭਗ 250 ਲਾਸ਼ਾਂ ਪਛਾਣ ਦੀ ਉਡੀਕ (ਬਾਕੀ ਸਫ਼ਾ 2 'ਤੇ)

ਹੋਰਮੁਜ਼ ਸੰਕਟ ਨਾਲ ਬਾਜ਼ਾਰ ਸਹਿਮਿਆ, ਸੈਂਸੇਕਸ 227 ਅੰਕ ਟੁੱਟਿਆ

- ਹੋਰਮੁਜ਼ ਜਲਡਮਰੂਮੱਧ ਤੋਂ ਤੇਲ ਸਪਲਾਈ ਨੂੰ ਲੈ ਕੇ ਵਧੀ ਚਿੰਤਾ, ਬ੍ਰੈਂਟ 90 ਡਾਲਰ ਦੇ ਪਾਰ; ਰੁਪਿਆ 13 ਪੈਸੇ ਫਿਸਲ ਕੇ 95.56 ਪ੍ਰਤੀ ਡਾਲਰ 'ਤੇ

ਮੁੰਬਈ, 31 ਅਗਸਤ (ਪੈ.ਗਾਮ-ਏ-ਜਗਤ)

ਪੱਛਮੀ ਏਸ਼ੀਆ ਵਿੱਚ ਤਣਾਅ ਵਧਣ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਮੁੜ ਤੇਜ਼ੀ ਆਉਣ ਦੇ ਚਲਦਿਆਂ ਸੋਮਵਾਰ ਨੂੰ ਸ਼ੁਰੂਆਤੀ ਕਾਰੋਬਾਰ ਵਿੱਚ ਸੈਂਸੇਕਸ ਅਤੇ ਨਿਫਟੀ ਵਿੱਚ ਗਿਰਾਵਟ ਦਰਜ ਕੀਤੀ ਗਈ। ਬਾਜ਼ਾਰ ਵਿਸ਼ਲੇਸ਼ਕਾਂ ਨੇ ਦੱਸਿਆ ਕਿ ਗਲੋਬਲ ਬਾਜ਼ਾਰਾਂ ਵਿੱਚ ਕਮਜ਼ੋਰ ਰੁਖ ਅਤੇ ਵਿਦੇਸ਼ੀ ਪੂੰਜੀ ਦੀ ਨਿਕਾਸੀ ਨਾਲ ਵੀ ਸ਼ੁਰੂਆਤੀ ਕਾਰੋਬਾਰ ਦੌਰਾਨ ਨਿਵੇਸ਼ਕਾਂ ਦੀ ਧਾਰਨਾ ਪ੍ਰਭਾਵਿਤ ਹੋਈ।

ਬੀ.ਐੱਸ.ਈ. ਸੈਂਸੇਕਸ ਸ਼ੁਰੂਆਤੀ ਕਾਰੋਬਾਰ ਵਿੱਚ 226.60 ਅੰਕ ਟੁੱਟ ਕੇ 77,028.56 ਅੰਕ 'ਤੇ ਜਦੋਂ ਕਿ ਐੱਨ.ਐੱਸ.ਈ. ਨਿਫਟੀ 120.40 ਅੰਕ ਫਿਸਲ ਕੇ 24,053.55 ਅੰਕ 'ਤੇ ਰਿਹਾ।

ਏਸ਼ੀਆਈ ਬਾਜ਼ਾਰਾਂ ਵਿੱਚ ਦੱਖਣੀ ਕੋਰੀਆ ਦਾ ਕੋਸਪੀ, ਜਾਪਾਨ ਦਾ ਨਿੱਕੀ 225, ਚੀਨ ਦਾ ਐੱਸ.ਐੱਸ.ਈ. ਕੰਪੋਜ਼ਿਟ ਅਤੇ ਹਾਂਗਕਾਂਗ ਦਾ ਹੈਂਗਸੇਂਗ ਗਿਰਾਵਟ ਵਿੱਚ ਕਾਰੋਬਾਰ ਕਰ ਰਹੇ ਹਨ। ਅਮਰੀਕੀ ਬਾਜ਼ਾਰ ਸ਼ੁੱਕਰਵਾਰ ਨੂੰ ਗਿਰਾਵਟ ਨਾਲ ਬੰਦ ਹੋਏ ਸਨ। ਅੰਤਰਰਾਸ਼ਟਰੀ ਤੇਲ ਮਾਨਕ ਬ੍ਰੈਂਟ ਕੱਚਾ ਤੇਲ ਦਾ ਭਾਅ ਵਾਇਦਾ ਕਾਰੋਬਾਰ



ਵਿੱਚ 2.33 ਫ਼ੀਸਦੀ ਵਧ ਕੇ 90.19 ਡਾਲਰ ਪ੍ਰਤੀ ਬੈਰਲ 'ਤੇ ਰਿਹਾ। ਸ਼ੇਅਰ ਬਾਜ਼ਾਰ ਦੇ ਅੰਕੜਿਆਂ ਮੁਤਾਬਕ, ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ (ਐੱਫ.ਆਈ.ਆਈ.) ਨੇ ਸ਼ੁੱਕਰਵਾਰ ਨੂੰ 5,039.80 ਕਰੋੜ ਰੁਪਏ ਦੇ ਸ਼ੇਅਰਾਂ ਦੀ ਸ਼ੁੱਧ ਵਿਕਰੀ ਕੀਤੀ। ਸੈਂਸੇਕਸ ਸ਼ੁੱਕਰਵਾਰ ਨੂੰ 330.92 ਅੰਕ ਅਤੇ ਨਿਫਟੀ 84.80 ਅੰਕ ਚੜ੍ਹ ਕੇ ਬੰਦ ਹੋਇਆ ਸੀ।

ਉੱਥੇ ਹੀ, ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਗਲੋਬਲ (ਬਾਕੀ ਸਫ਼ਾ 2 'ਤੇ)

ਪੰਜਾਬ ਸਰਕਾਰ ਲੋਕ ਹਿੱਤ ਵਿੱਚ ਕੰਮ ਕਰਨਾ ਜਾਰੀ ਰੱਖੇਗੀ : ਭਗਵੰਤ ਮਾਨ

ਹੋਰ ਕਿਹਾ, ਜਿਨ੍ਹਾਂ ਮਾਵਾਂ-ਭੈਣਾਂ ਨੂੰ 'ਸਨਮਾਨ ਰਾਸ਼ੀ' ਨਹੀਂ ਮਿਲੀ, ਉਹ ਫਾਰਮ ਭਰਨ, ਉਨ੍ਹਾਂ ਨੂੰ ਵੀ ਜੁਲਾਈ ਤੋਂ ਰਾਸ਼ੀ ਮਿਲੇਗੀ

ਪੈ.ਗਾਮ-ਏ-ਜਗਤ/ਰਾਜਪੁਰਾ
31 ਅਗਸਤ (ਪਰਮਜੀਤ ਸਿੰਘ ਪਰਵਾਨਾ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜ਼ੋਰ ਦੇ ਕੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਭਲਾਈ ਅਤੇ ਵਿਕਾਸ ਪਹਿਲਕਦਮੀਆਂ ਰਾਹੀਂ ਲੋਕਾਈ ਦਾ ਇੱਕ-ਇੱਕ ਰੁਪਿਆ ਲੋਕਾਂ ਨੂੰ ਮੋੜਨ ਲਈ ਵਚਨਬੱਧ ਹੈ। ਉਨ੍ਹਾਂ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਕਿ ਵਿਰੋਧੀ ਧਿਰਾਂ ਦਾ ਕੋਈ ਵੀ ਦਬਾਅ ਸਰਕਾਰ ਦੇ ਲੋਕ-ਪੱਖੀ ਏਜੰਡੇ ਨੂੰ ਪਟੜੀ ਤੋਂ ਨਹੀਂ ਲਾਹ ਸਕਦਾ। ਰਾਜਪੁਰਾ ਵਿਖੇ 'ਇੱਕ ਸ਼ਾਮ ਭਗਵਾਨ ਸ਼ਿਵ ਕੇ ਨਾਮ' ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਹਰ ਘਰ ਨੂੰ ਰੋਜ਼ਗਾਰ, ਹਰ ਬਜ਼ੁਰਗ ਨੂੰ ਇਲਾਜ ਅਤੇ ਹਰ ਬੱਚੇ ਨੂੰ ਮਿਆਰੀ ਸਿੱਖਿਆ ਦਿਵਾਉਣਾ ਸਾਡੀ ਜ਼ਿੰਮੇਵਾਰੀ ਹੈ। ਇਸ ਦੇ ਨਾਲ ਹੀ ਉਨ੍ਹਾਂ, ਜਿਨ੍ਹਾਂ ਔਰਤਾਂ ਨੂੰ ਅਜੇ ਤਕ ਸਨਮਾਨ ਰਾਸ਼ੀ ਨਹੀਂ ਮਿਲੀ, ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਜ਼ਰੂਰੀ ਰਸਮੀ ਕਾਰਵਾਈਆਂ ਪੂਰੀਆਂ ਕਰਨ ਤੋਂ ਬਾਅਦ ਉਨ੍ਹਾਂ ਨੂੰ ਵੀ ਜੁਲਾਈ ਤੋਂ ਰਾਸ਼ੀ ਮਿਲੇਗੀ।

'ਇੱਕ ਸ਼ਾਮ ਸ਼ਿਵ ਕੇ ਨਾਮ' ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਭ ਦਾ ਹੈ ਅਤੇ ਹਰ ਤਿਉਹਾਰ ਮਿਲ ਕੇ ਮਨਾਉਣ ਦੀ

- **ਮੁੱਖ ਮੰਤਰੀ ਰਾਜਪੁਰਾ ਵਿਖੇ 'ਇੱਕ ਸ਼ਾਮ ਭਗਵਾਨ ਸ਼ਿਵ ਕੇ ਨਾਮ' ਪ੍ਰੋਗਰਾਮ ਵਿੱਚ ਹੋਏ ਸ਼ਾਮਲ**

ਇਸ ਦੀ ਸਦੀਆਂ ਪੁਰਾਣੀ ਪਰੰਪਰਾ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ, ÷ਪੰਜਾਬ ਇੱਕ ਅਜਿਹਾ ਗੁਲਦਸਤਾ ਹੈ, ਜਿਸ ਵਿੱਚ ਹਰ ਰੰਗ ਦਾ ਫੁੱਲ ਮੌਜੂਦ ਹੈ ਅਤੇ ਇਸ ਪਵਿੱਤਰ ਧਰਤੀ 'ਤੇ ਸਾਰੇ ਵਧਦੇ-ਫੁੱਲਦੇ ਹਨ। ਸਾਡੀ ਧਰਤੀ ਇੰਨੀ ਉਪਜਾਊ ਹੈ ਕਿ ਇੱਥੇ ਹਰ ਬੀਜ ਉੱਗ ਸਕਦਾ ਹੈ, ਪਰ ਨਫ਼ਰਤ ਦਾ ਬੀਜ ਕਦੇ ਨਹੀਂ ਉੱਗ ਸਕਦਾ ਕਿਉਂਕਿ ਸਾਡੀ ਏਕਤਾ ਬਹੁਤ ਮਜ਼ਬੂਤ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਹਮੇਸ਼ਾ ਫਿਰਕੂ ਸਦਭਾਵਨਾ ਦੀ ਮਿਸਾਲ ਕਾਇਮ ਕੀਤੀ ਹੈ, ਜਿੱਥੇ ਲੋਕ ਇੱਕ-ਦੂਜੇ ਦੇ ਧਾਰਮਿਕ ਅਤੇ ਸੱਭਿਆਚਾਰਕ ਸਮਾਗਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ। ਉਨ੍ਹਾਂ ਕਿਹਾ, ਪੰਜਾਬ ਵਿੱਚ ਰਾਮ ਨੌਮੀ, ਗੁਰਪੁਰਬ ਜਾਂ ਈਦ ਸਮੇਤ ਸਾਰੇ ਤਿਉਹਾਰ ਮਿਲ ਕੇ ਮਨਾਏ ਜਾਂਦੇ ਹਨ। ਇਸ ਕਾਰਨ ਇੱਥੇ ਫਿਰਕੂ ਸਦਭਾਵਨਾ, ਭਾਈਚਾਰਕ ਸਾਂਝ ਅਤੇ ਅਖੰਡਤਾ ਦਾ ਰਿਸ਼ਤਾ ਬਹੁਤ ਮਜ਼ਬੂਤ ਹੈ। ਤੀਰਥ ਯਾਤਰਾ ਦੀ ਸੁਵਿਧਾ ਲਈ ਆਪਣੀ






ਸਰਕਾਰ ਦੀਆਂ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਡੀ ਸਰਕਾਰ ਨੇ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਸ਼ੁਰੂ ਕੀਤੀ ਹੈ, ਜਿਸ ਤਹਿਤ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਅਤੇ ਹੋਰ ਪ੍ਰਮੁੱਖ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਦੀ ਸਹੂਲਤ ਦਿੱਤੀ ਜਾ ਰਹੀ ਹੈ। ਹੁਣ ਇਸ ਯੋਜਨਾ ਦਾ ਦਾਇਰਾ ਵਧਾ ਦਿੱਤਾ ਗਿਆ ਹੈ ਅਤੇ ਹਰਿਦੁਆਰ, ਰਿਸ਼ੀਕੇਸ਼, ਸਾਲਾਸਰ ਧਾਮ ਅਤੇ ਖਾਟੂ ਸ਼ਿਆਮ ਜੀ ਵਰਗੇ ਪਵਿੱਤਰ ਸ਼ਹਿਰਾਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪਹਿਲੀ ਜੁਲਾਈ ਤੋਂ ਸੂਬੇ ਦੀਆਂ ਔਰਤਾਂ ਦੇ ਖਾਤਿਆਂ ਵਿੱਚ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਪੈਸੇ ਆਉਣੇ ਸ਼ੁਰੂ ਹੋ ਗਏ ਹਨ। ਹਰ ਔਰਤ 1,000 ਰੁਪਏ ਪ੍ਰਤੀ ਮਹੀਨਾ ਦੀ ਹੱਕਦਾਰ ਹੈ, ਜਦੋਂ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਔਰਤਾਂ 1,500 ਰੁਪਏ ਪ੍ਰਤੀ ਮਹੀਨਾ ਦੀਆਂ ਹੱਕਦਾਰ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਲਗਪਗ 75 ਲੱਖ ਔਰਤਾਂ ਨੂੰ ਪਹਿਲਾਂ ਹੀ ਪੈਸੇ ਮਿਲਣੇ ਸ਼ੁਰੂ ਹੋ ਚੁੱਕੇ ਹਨ। ਵਿਰੋਧੀ ਧਿਰਾਂ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ, ਜੇ ਵਿਰੋਧੀ ਸੱਤਾ ਵਿੱਚ ਆਉਂਦੇ ਹਨ ਤਾਂ ਉਹ 'ਆਪ' ਸਰਕਾਰ ਵੱਲੋਂ ਸ਼ੁਰੂ ਕੀਤੀਆਂ ਸਾਰੀਆਂ ਲੋਕ-ਪੱਖੀ ਪਹਿਲਕਦਮੀਆਂ ਨੂੰ ਬੰਦ ਕਰ ਦੇਣਗੇ।÷ ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਨੇ ਹਮੇਸ਼ਾ ਜਨਤਕ ਭਲਾਈ ਨੂੰ ਪਹਿਲ ਦਿੱਤੀ ਹੈ, ਜਿਸ ਦੀ ਮਿਸਾਲ ਟੋਲ ਪਲਾਜ਼ਿਆਂ ਨੂੰ ਬੰਦ ਕਰਨਾ ਹੈ। ਉਨ੍ਹਾਂ ਕਿਹਾ, ÷ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸਰਕਾਰ ਨੇ 19 ਟੋਲ ਪਲਾਜ਼ੇ ਬੰਦ ਕਰ ਦਿੱਤੇ ਹਨ, ਜਿਸ ਨਾਲ ਆਮ ਲੋਕਾਂ ਦੀ ਰੋਜ਼ਾਨਾ ਲਗਪਗ 70 ਲੱਖ ਰੁਪਏ ਦੀ ਬੱਚਤ ਹੋ ਰਹੀ ਹੈ। ਪਾਰਦਰਸ਼ੀ ਢੰਗ ਨਾਲ ਨੌਜਵਾਨਾਂ ਨੂੰ 70,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ, 90 ਫੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ, ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲ ਰਹੀ ਹੈ ਅਤੇ ਲਗਪਗ 44,000 ਕਿਲੋਮੀਟਰ ਸੜਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਸਿਹਤ ਸੰਭਾਲ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪ ਸਰਕਾਰ ਨੇ 'ਮੁੱਖ ਮੰਤਰੀ ਸਿਹਤ ਯੋਜਨਾ' ਰਾਹੀਂ ਸਰਵਪੱਖੀ ਅਤੇ ਕਿਫ਼ਾਇਤੀ ਡਾਕਟਰੀ ਇਲਾਜ ਯਕੀਨੀ ਬਣਾਉਣ ਵੱਲ ਵੱਡਾ ਕਦਮ ਚੁੱਕਿਆ ਹੈ। ਉਨ੍ਹਾਂ ਅੱਗੇ ਕਿਹਾ, "ਮੁੱਖ ਮੰਤਰੀ ਸਿਹਤ ਯੋਜਨਾ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ, ਜੋ ਪੰਜਾਬ ਦੇ ਹਰ ਨਿਵਾਸੀ ਪਰਿਵਾਰ ਨੂੰ 10 ਲੱਖ ਰੁਪਏ ਤਕ ਦਾ ਕੈਸ਼ਲੈਸ ਇਲਾਜ ਮੁਹੱਈਆ ਕਰਵਾਉਂਦੀ ਹੈ। ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਪੰਜਾਬ ਸਰਵਪੱਖੀ ਸਿਹਤ ਕਵਰੇਜ ਦੇਣ ਵਾਲਾ ਪਹਿਲਾ ਭਾਰਤੀ ਸੂਬਾ ਹੈ। ਇਸ ਇਤਿਹਾਸਕ ਕਦਮ ਦਾ ਮਕਸਦ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਸਿਹਤ ਸੰਭਾਲ ਸਹੂਲਤ ਮੁਹੱਈਆ ਕਰਨਾ ਹੈ ਅਤੇ ਲੱਖਾਂ ਲੋਕ ਇਸ ਯੋਜਨਾ ਤਹਿਤ ਮੁਫ਼ਤ ਇਲਾਜ ਦਾ ਲਾਭ ਉਠਾ ਚੁੱਕੇ ਹਨ।

ਊਨਾ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਸਕੂਲਾਂ ਦਾ ਸਮਾਂ ਬਦਲਿਆ

- **ਗਰਮੀ ਅਤੇ ਹੁਮਸ ਦੇ ਮੱਦੇਨਜ਼ਰ 1 ਸਤੰਬਰ ਤੋਂ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਲੱਗਣਗੇ ਸਕੂਲ**

ਊਨਾ, 31 ਅਗਸਤ (ਪੈ.ਗਾਮ-ਏ-ਜਗਤ)



ਊਨਾ ਜ਼ਿਲ੍ਹੇ ਵਿੱਚ ਗਰਮੀ ਦੀ ਸਥਿਤੀ ਅਤੇ ਹੁਮਸ ਦੇ ਮੱਦੇਨਜ਼ਰ ਵਿਦਿਆਰਥੀਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਜ਼ਿਲ੍ਹਾ ਪ੍ਰਸ਼ਾਸਨ ਨੇ ਸਕੂਲਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਹੈ। 1 ਸਤੰਬਰ, 2026 ਤੋਂ ਜ਼ਿਲ੍ਹੇ ਦੇ ਸਾਰੇ ਸਰਕਾਰੀ ਅਤੇ ਨਿੱਜੀ ਸਕੂਲ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਲੱਗਣਗੇ। ਜ਼ਿਲ੍ਹਾ ਦੰਡ ਅਧਿਕਾਰੀ ਅਤੇ ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਟੀ ਦੇ ਪ੍ਰਧਾਨ ਜਤਿਨ ਲਾਲ ਨੇ ਆਫ਼ਤ ਪ੍ਰਬੰਧਨ ਐਕਟ, 2005 ਦੀ ਧਾਰਾ 33 ਅਤੇ 34 ਤਹਿਤ ਇਸ ਸਬੰਧੀ ਹੁਕਮ ਜਾਰੀ ਕੀਤੇ ਹਨ। ਇਹ ਵਿਵਸਥਾ ਅਗਲੇ ਹੁਕਮਾਂ ਤੱਕ ਲਾਗੂ ਰਹੇਗੀ। ਨਵਾਂ ਸਮਾਂ ਪ੍ਰੀ-ਪ੍ਰਾਇਮਰੀ, ਪ੍ਰਾਇਮਰੀ, ਮਿਡਲ ਅਤੇ ਸੈਕੰਡਰੀ ਪੱਧਰ ਦੇ ਸਾਰੇ ਸਰਕਾਰੀ ਅਤੇ ਨਿੱਜੀ ਸਕੂਲਾਂ 'ਤੇ ਲਾਗੂ ਹੋਵੇਗਾ। ਪ੍ਰਸ਼ਾਸਨ ਨੇ ਇਹ ਫੈਸਲਾ ਜ਼ਿਲ੍ਹੇ ਵਿੱਚ ਗਰਮ ਮੌਸਮ ਅਤੇ ਵਧੇਰੇ ਨਮੀ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਹੈ, ਤਾਂ ਜੋ ਵਿਦਿਆਰਥੀਆਂ ਨੂੰ ਦਿਨ ਦੇ ਵਧੇਰੇ ਗਰਮ ਸਮੇਂ ਤੋਂ ਰਾਹਤ ਮਿਲ ਸਕੇ।

ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਡਾਕੂਮੈਂਟਰੀ ਦਾ ਡੇਰਾਬਸੀ ਬਲਾਕ ਦੇ ਪਿੰਡਾਂ ਰਾਮਪੁਰ ਬਹਾਲ, ਪੁਨਸਰ ਅਤੇ ਖੇੜੀ ਜੱਟਾਂ ਵਿੱਚ ਪ੍ਰਦਰਸ਼ਨ

ਡੇਰਾਬੱਸੀ, 31 ਅਗਸਤ (ਪੈ.ਗਾਮ-ਏ-ਜਗਤ)

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਵਿਸ਼ੇਸ਼ ਦਸਤਾਵੇਜ਼ੀ ਫਿਲਮ ਡੇਰਾਬਸੀ ਬਲਾਕ ਦੇ ਪਿੰਡ ਰਾਮਪੁਰ ਬਹਾਲ, ਪੁਨਸਰ ਅਤੇ ਖੇੜੀ ਜੱਟਾਂ ਵਿਖੇ ਐਲ.ਈ.ਡੀ. ਸਕਰੀਨਾਂ ਰਾਹੀਂ ਦਿਖਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਐਸ.ਏ.ਐਸ. ਨਗਰ ਸ੍ਰੀਮਤੀ ਕੋਮਲ ਮਿੱਤਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਡਾਕੂਮੈਂਟਰੀ ਹੁਣ ਤੱਕ ਡੇਰਾਬਸੀ ਬਲਾਕ ਦੇ 33 ਪਿੰਡਾਂ ਵਿੱਚ ਦਿਖਾਈ ਜਾ ਚੁੱਕੀ ਹੈ, ਜਿਸ ਦਾ ਮੁੱਖ ਉਦੇਸ਼ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾਉਣਾ ਹੈ। ਉਨ੍ਹਾਂ ਦੱਸਿਆ ਕਿ ਇਸ ਦਸਤਾਵੇਜ਼ੀ ਫਿਲਮ ਵਿੱਚ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਵੱਲੋਂ ਮਨੁੱਖਤਾ, ਸਮਾਨਤਾ, ਭਾਈਚਾਰਕ ਸਾਂਝ ਅਤੇ ਸਮਾਜਿਕ ਏਕਤਾ ਦੇ ਦਿੱਤੇ ਗਏ ਸੰਦੇਸ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੀ ਬਾਣੀ ਅਤੇ ਉਪਦੇਸ਼ ਅੱਜ ਵੀ ਸਮਾਜ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੇ ਹਨ ਅਤੇ ਆਪਸੀ ਭਾਈਚਾਰੇ ਤੇ ਸਮਾਜਿਕ ਸਦਭਾਵਨਾ ਨੂੰ ਮਜ਼ਬੂਤ ਬਣਾਉਣ ਲਈ ਪ੍ਰੇਰਿਤ ਕਰਦੇ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਹ ਵਿਸ਼ੇਸ਼ ਡਾਕੂਮੈਂਟਰੀ ਵੱਖ-ਵੱਖ ਪਿੰਡਾਂ ਵਿੱਚ ਐਲ.ਈ.ਡੀ. ਸਕਰੀਨਾਂ ਰਾਹੀਂ ਦਿਖਾਈ ਜਾ ਰਹੀ ਹੈ।

ਚਿੱਟੇ ਦੇ ਖਿਲਾਫ਼ ਊਨਾ ਵਿੱਚ ਬੁਲੰਦ ਹੋਵੇਗੀ ਨੌਜਵਾਨ ਸ਼ਕਤੀ ਦੀ ਆਵਾਜ਼

ਊਨਾ, 31 ਅਗਸਤ
(ਪੈ.ਗਾਮ-ਏ-ਜਗਤ)



ਚਿੱਟੇ ਅਤੇ ਹੋਰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਨੌਜਵਾਨਾਂ ਨੂੰ ਜਾਗਰੂਕ ਕਰਨ ਅਤੇ ਨਸ਼ਾ ਮੁਕਤ ਸਮਾਜ ਦਾ ਸੰਦੇਸ਼ ਵਿਆਪਕ ਪੱਧਰ 'ਤੇ ਪਹੁੰਚਾਉਣ ਦੇ ਉਦੇਸ਼ ਨਾਲ 7 ਸਤੰਬਰ ਨੂੰ ਊਨਾ ਵਿੱਚ ਐਂਟੀ-ਚਿੱਟਾ ਵਾਕਾਥਾਨ ਕਰਵਾਈ ਜਾਵੇਗੀ। ਮੁੱਖ ਮੰਤਰੀ ਠਾਕੁਰ

- **7 ਸਤੰਬਰ ਨੂੰ ਮੁੱਖ ਮੰਤਰੀ ਦੀ ਅਗਵਾਈ ਹੇਠ ਐਂਟੀ-ਚਿੱਟਾ ਵਾਕਾਥਾਨ, ਸਕੂਲ-ਕਾਲਜਾਂ ਦੇ ਵਿਦਿਆਰਥੀਆਂ ਦੀ ਹੋਵੇਗੀ ਪ੍ਰਮੁੱਖ ਸ਼ਮੂਲੀਅਤ**

ਸੁਖਵਿੰਦਰ ਸਿੰਘ ਸੁੱਖੂ ਦੀ ਅਗਵਾਈ ਹੇਠ ਹੋਣ ਵਾਲੀ ਇਸ ਵਾਕਾਥਾਨ ਵਿੱਚ ਜ਼ਿਲ੍ਹੇ ਦੇ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੀ ਪ੍ਰਮੁੱਖ ਸ਼ਮੂਲੀਅਤ ਹੋਵੇਗੀ। ਜ਼ਿਲ੍ਹਾ ਪ੍ਰਸ਼ਾਸਨ ਨੇ ਆਯੋਜਨ ਨੂੰ ਪ੍ਰਭਾਵਸ਼ਾਲੀ ਜਨ-ਜਾਗਰੂਕਤਾ ਮੁਹਿੰਮ ਦਾ ਰੂਪ ਦੇਣ ਦੇ ਨਾਲ ਵਿਦਿਆਰਥੀਆਂ ਦੀ ਸੁਰੱਖਿਅਤ ਅਤੇ ਸੁਚੱਜੀ ਸ਼ਮੂਲੀਅਤ 'ਤੇ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਹੈ।

ਡਿਪਟੀ ਕਮਿਸ਼ਨਰ ਜਤਿਨ ਲਾਲ ਨੇ ਸੋਮਵਾਰ ਨੂੰ ਵਾਕਾਥਾਨ ਦੀਆਂ ਤਿਆਰੀਆਂ ਦੀ ਸਮੀਖਿਆ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਵਿਦਿਆਰਥੀਆਂ ਦੇ ਆਉਣ-ਜਾਣ ਲਈ ਸੁਚੱਜੀ ਕਾਰਜ-ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਸਿੱਖਿਆ ਸੰਸਥਾਵਾਂ ਨਾਲ ਤਾਲਮੇਲ ਸਥਾਪਿਤ ਕਰਕੇ ਵਿਦਿਆਰਥੀਆਂ ਨੂੰ ਆਯੋਜਨ ਸਥਲ ਤੱਕ ਲਿਆਉਣ, ਉਨ੍ਹਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਅਤੇ ਪ੍ਰੋਗਰਾਮ ਉਪਰੰਤ ਸੁਰੱਖਿਅਤ ਵਾਪਸੀ ਲਈ ਲੋੜੀਂਦੇ ਪ੍ਰਬੰਧ ਕਰਨ ਲਈ ਕਿਹਾ। ਉਨ੍ਹਾਂ ਨੇ ਆਯੋਜਨ ਦੌਰਾਨ ਵਿਦਿਆਰਥੀਆਂ ਦੀ ਸਹੂਲਤ ਅਤੇ ਸੁਰੱਖਿਆ ਨੂੰ ਤਰਜੀਹ ਦੇਣ ਦੇ ਨਿਰਦੇਸ਼ ਦਿੱਤੇ।

ਵਾਕਾਥਾਨ ਵਿੱਚ ਜ਼ਿਲ੍ਹੇ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ ਦੀਆਂ 9ਵੀਂ ਤੋਂ 12ਵੀਂ ਜਮਾਤਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਮੁੱਖ ਟੀਚਾ ਸਮੂਹ ਵਜੋਂ ਜੋੜਿਆ ਜਾ ਰਿਹਾ ਹੈ। ਇਸ ਦਾ ਉਦੇਸ਼ ਨੌਜਵਾਨਾਂ ਨੂੰ ਚਿੱਟੇ ਅਤੇ ਹੋਰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਦੇ ਨਾਲ ਉਨ੍ਹਾਂ ਨੂੰ ਨਸ਼ਿਆਂ ਦੇ ਖਿਲਾਫ਼ ਜਨ-ਜਾਗਰੂਕਤਾ ਦੇ ਯਤਨਾਂ ਵਿੱਚ ਭਾਗੀਦਾਰ ਬਣਾਉਣਾ ਹੈ।

ਨਿਰਧਾਰਤ ਪ੍ਰੋਗਰਾਮ ਅਨੁਸਾਰ ਮੁੱਖ ਮੰਤਰੀ 7 ਸਤੰਬਰ ਨੂੰ ਸਵੇਰੇ ਕਰੀਬ 10 ਵਜੇ ਇੰਦਰਾ ਗਾਂਧੀ ਖੇਡ ਸਟੇਡੀਅਮ ਊਨਾ ਤੋਂ ਐਂਟੀ-ਚਿੱਟਾ ਵਾਕਾਥਾਨ ਨੂੰ ਹਰੀ ਝੰਡੀ ਦਿਖਾਉਣਗੇ ਅਤੇ ਖੁਦ ਵੀ ਇਸ ਵਿੱਚ ਸ਼ਾਮਲ ਹੋਣਗੇ। ਪ੍ਰਸਤਾਵਿਤ ਰੂਟ ਅਨੁਸਾਰ ਵਾਕਾਥਾਨ ਇੰਦਰਾ ਗਾਂਧੀ ਖੇਡ ਸਟੇਡੀਅਮ ਤੋਂ ਸ਼ੁਰੂ ਹੋ ਕੇ ਬੱਸ ਸਟੈਂਡ ਦੇ ਨੇੜੇ ਯੂ-ਟਰਨ ਲੈਂਦਿਆਂ ਵਾਪਸ ਸਟੇਡੀਅਮ ਵਿੱਚ ਸਮਾਪਤ ਹੋਵੇਗੀ। ਇਸ ਮੌਕੇ ਮੁੱਖ ਮੰਤਰੀ ਨੌਜਵਾਨਾਂ ਅਤੇ ਮੌਜੂਦ ਜਨ ਸਮੂਹ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਨਸ਼ਾ ਮੁਕਤ ਸਮਾਜ ਦੀ ਉਸਾਰੀ ਦੀ 'ਐਂਟੀ-ਚਿੱਟਾ ਸਹੁੰ' ਚੁਕਾਉਣਗੇ ਅਤੇ ਨੌਜਵਾਨਾਂ ਨਾਲ ਸੰਵਾਦ ਵੀ ਕਰਨਗੇ।

ਡਿਪਟੀ ਕਮਿਸ਼ਨਰ ਨੇ ਆਯੋਜਨ ਸਥਲ ਅਤੇ ਪ੍ਰਸਤਾਵਿਤ ਰੂਟ 'ਤੇ ਭਾਗੀਦਾਰਾਂ ਦੇ ਦਾਖਲੇ ਅਤੇ ਨਿਕਾਸ, ਇਕੱਠ, ਆਵਾਜਾਈ ਅਤੇ ਪਾਰਕਿੰਗ, ਪੀਣ ਵਾਲੇ ਪਾਣੀ, ਸਫ਼ਾਈ, ਪਖਾਨਿਆਂ, ਸਿਹਤ ਸਹੂਲਤਾਂ ਅਤੇ ਸੁਰੱਖਿਆ ਪ੍ਰਬੰਧਾਂ ਦੀ ਬਿੰਦੂਵਾਰ ਸਮੀਖਿਆ ਕੀਤੀ। ਉਨ੍ਹਾਂ ਨੇ ਸਾਰੇ ਸਬੰਧਤ ਵਿਭਾਗਾਂ ਨੂੰ ਆਪਸੀ ਤਾਲਮੇਲ ਨਾਲ ਤਿਆਰੀਆਂ ਸਮੇਂ ਸਿਰ ਪੂਰੀਆਂ ਕਰਨ ਅਤੇ ਆਯੋਜਨ ਦੌਰਾਨ ਭਾਗੀਦਾਰਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪੁਲਿਸ ਵਿਭਾਗ ਨੂੰ ਆਵਾਜਾਈ, ਪਾਰਕਿੰਗ ਅਤੇ ਕਾਨੂੰਨ-ਵਿਵਸਥਾ ਨਾਲ ਸਬੰਧਤ ਲੋੜੀਂਦੇ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨੌਜਵਾਨਾਂ ਦੀ ਸ਼ਮੂਲੀਅਤ ਨਸ਼ਿਆਂ ਦੇ ਖਿਲਾਫ਼ ਜਨ-ਜਾਗਰੂਕਤਾ ਨੂੰ ਵਿਆਪਕ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਐਂਟੀ-ਚਿੱਟਾ ਵਾਕਾਥਾਨ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਸੁਚੇਤ ਕਰਨ ਦੇ ਨਾਲ ਸਮਾਜ ਵਿੱਚ ਨਸ਼ਿਆਂ ਖਿਲਾਫ਼ ਸਾਂਝੀ ਜਾਗਰੂਕਤਾ ਨੂੰ ਹੋਰ ਮਜ਼ਬੂਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਸਾਰੇ ਸਬੰਧਤ ਵਿਭਾਗਾਂ ਨੂੰ ਆਯੋਜਨ ਦੇ ਪ੍ਰਭਾਵਸ਼ਾਲੀ ਅਮਲ ਲਈ ਤਾਲਮੇਲ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ।

ਮੀਟਿੰਗ ਵਿੱਚ ਪੁਲਿਸ ਸੁਪਰਡੈਂਟ ਸਚਿਨ ਹਿਰੇਮਠ, ਵਧੀਕ ਡਿਪਟੀ ਕਮਿਸ਼ਨਰ ਈਸ਼ਾਂਤ ਜਸਵਾਲ, ਵਧੀਕ ਪੁਲਿਸ ਸੁਪਰਡੈਂਟ ਸੁਰਿੰਦਰ ਸ਼ਰਮਾ, ਸਹਾਇਕ ਕਮਿਸ਼ਨਰ ਵਿਨੈ ਮੋਦੀ, ਐਸਡੀਐਮ ਊਨਾ ਅਭਿਸ਼ੇਕ ਮਿੱਤਲ, ਐਸਡੀਐਮ ਹਰੋਲੀ ਵਿਸ਼ਾਲ ਸ਼ਰਮਾ, ਐਸਡੀਐਮ ਬੰਗਾਣਾ ਸੋਨੂ ਗੋਇਲ, ਐਸਡੀਐਮ ਅੰਬ ਪਾਰਸ ਅਗਰਵਾਲ, ਐਸਡੀਐਮ ਗਗਰੇਟ ਸੌਮਿਲ ਗੌਤਮ, ਡੀਐਸਪੀ ਅਜੈ ਰਾਣਾ, ਡੀਐਸਪੀ ਮੋਹਨ ਰਾਵਤ, ਮੁੱਖ ਮੈਡੀਕਲ ਅਫ਼ਸਰ ਡਾ. ਐਸ.ਕੇ. ਵਰਮਾ, ਉਪ ਨਿਰਦੇਸ਼ਕ ਉੱਚ ਸਿੱਖਿਆ ਅਨਿਲ ਕੁਮਾਰ, ਉਪ ਨਿਰਦੇਸ਼ਕ ਮੁੱਢਲੀ ਸਿੱਖਿਆ ਸੋਮ ਲਾਲ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ।

ਦਿਸ਼ਾ ਕਮੇਟੀ ਦੀ ਮੀਟਿੰਗ 2 ਸਤੰਬਰ ਨੂੰ, ਸੰਸਦ ਮੈਂਬਰ ਅਨੁਰਾਗ ਠਾਕੁਰ ਕਰਨਗੇ ਪ੍ਰਧਾਨਗੀ

ਊਨਾ, 31 ਅਗਸਤ
(ਪੈ.ਗਾਮ-ਏ-ਜਗਤ)

ਜ਼ਿਲ੍ਹਾ ਵਿਕਾਸ ਤਾਲਮੇਲ ਅਤੇ ਨਿਗਰਾਨੀ ਕਮੇਟੀ (ਦਿਸ਼ਾ) ਊਨਾ ਦੀ ਮੀਟਿੰਗ 2 ਸਤੰਬਰ, ਬੁੱਧਵਾਰ ਨੂੰ ਸਵੇਰੇ 10 ਵਜੇ ਜ਼ਿਲ੍ਹਾ ਪਰਿਸ਼ਦ ਕਾਨਫਰੰਸ ਕਮਰਾ ਊਨਾ ਵਿੱਚ ਕਰਵਾਈ ਜਾਵੇਗੀ। ਹਮੀਰਪੁਰ ਸੰਸਦੀ ਖੇਤਰ ਦੇ ਸੰਸਦ ਮੈਂਬਰ ਅਤੇ ਦਿਸ਼ਾ ਕਮੇਟੀ ਦੇ ਪ੍ਰਧਾਨ ਅਨੁਰਾਗ ਠਾਕੁਰ ਮੀਟਿੰਗ ਦੀ ਪ੍ਰਧਾਨਗੀ ਕਰਨਗੇ। ਮੀਟਿੰਗ ਵਿੱਚ ਜ਼ਿਲ੍ਹੇ ਵਿੱਚ ਕੇਂਦਰ ਪ੍ਰਾਯੋਜਿਤ ਯੋਜਨਾਵਾਂ ਤਹਿਤ ਚੱਲ ਰਹੇ ਵਿਕਾਸ ਕਾਰਜਾਂ ਅਤੇ ਯੋਜਨਾਵਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਜਾਵੇਗੀ।

ਇਸ ਦੌਰਾਨ ਸਬੰਧਤ ਵਿਭਾਗਾਂ ਤੋਂ ਯੋਜਨਾਵਾਂ ਦੀ ਮੌਜੂਦਾ ਸਥਿਤੀ, ਪ੍ਰਗਤੀ ਅਤੇ ਲਾਗੂਕਰਨ ਨਾਲ ਜੁੜੇ ਮਾਮਲਿਆਂ ਸਬੰਧੀ ਜਾਣਕਾਰੀ ਲਈ ਜਾਵੇਗੀ। ਡਿਪਟੀ ਕਮਿਸ਼ਨਰ ਜਤਿਨ ਲਾਲ ਨੇ ਸਾਰੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੀਟਿੰਗ ਵਿੱਚ ਲੋੜੀਂਦੀ ਜਾਣਕਾਰੀ ਸਮੇਤ ਹਾਜ਼ਰ ਰਹਿਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

ਡੀਏਵੀ ਸਪੋਰਟਸ ਚੈੱਸ (ਲੜਕੀਆਂ) ਟੂਰਨਾਮੈਂਟ ਵਿਚ 200 ਖਿਡਾਰੀਆਂ ਨੇ ਹਿੱਸਾ ਲਿਆ

ਪੈ.ਗਾਮ-ਏ-ਜਗਤ
ਅੰਬਾਲਾ, 30 ਅਗਸਤ (ਆਰ.ਸਿੰਘ)

ਡੀਏਵੀ ਸਪੋਰਟਸ ਟੂਰਨਾਮੈਂਟ-2026 ਦਾ ਜ਼ੋਨਲ ਪੱਧਰ ਦਾ ਸ਼ਤਰੰਜ (ਲੜਕੀਆਂ) ਟੂਰਨਾਮੈਂਟ ਅੱਜ 30 ਅਗਸਤ, ਐਤਵਾਰ ਨੂੰ ਅੰਬਾਲਾ ਸ਼ਹਿਰ ਦੇ ਪੁਲੀਸ ਡੀਏਵੀ ਪਬਲਿਕ ਸਕੂਲ ਵਿਖੇ ਸ਼ੁਰੂ ਹੋਇਆ। ਮੇਜ਼ਬਾਨ ਸਕੂਲ ਦੇ ਪ੍ਰਿੰਸੀਪਲ ਅਤੇ ਡੀਏਵੀ ਸਪੋਰਟਸ, ਹਰਿਆਣਾ ਜ਼ੋਨ ਦੇ ਸਟੇਟ ਕੋਆਰਡੀਨੇਟਰ ਡਾ. ਵਿਕਾਸ ਕੋਹਲੀ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਉਨ੍ਹਾਂ ਦੱਸਿਆ ਕਿ ਇਹ ਮੁਕਾਬਲਾ ਡੀਏਵੀ ਸੰਸਥਾਵਾਂ ਦੇ ਮੁਖੀ ਆਰੀਆ ਰਤਨ ਪਦਮਸ਼੍ਰੀ ਡਾ. ਪੂਨਮ ਸੂਰੀ ਦੀ ਅਗਵਾਈ ਹੇਠ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਦੇਸ਼ ਭਰ ਵਿੱਚ ਆਯੋਜਿਤ ਕੀਤਾ ਜਾਂਦਾ ਹੈ। ਖੇਡਾਂ ਦਾ ਅੱਜ ਦੇ ਜੀਵਨ ਵਿੱਚ ਬਹੁਤ ਮਹੱਤਵ ਹੈ। ਖੇਡਾਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਬੱਚਿਆਂ ਲਈ ਬਹੁਤ ਮਹੱਤਵਪੂਰਨ ਅਤੇ ਉਪਯੋਗੀ ਹਨ। ਉਨ੍ਹਾਂ ਸਾਰੇ ਜੇਤੂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਤਗਮਿਆਂ 'ਲਈ ਵਧਾਈ ਦਿੱਤੀ। ਇਸ ਟੂਰਨਾਮੈਂਟ ਵਿਚ ਹਰਿਆਣਾ ਭਰ ਦੇ ਵੱਖ-ਵੱਖ ਡੀਏਵੀ ਸਕੂਲਾਂ



ਦੀਆਂ 200 ਲੜਕੀਆਂ ਨੇ ਹਿੱਸਾ ਲਿਆ। ਅੱਜ ਦੇ ਟੂਰਨਾਮੈਂਟ ਵਿੱਚ ਸ਼ਤਰੰਜ ਦੇ ਅੰਡਰ-14, ਅੰਡਰ-17 ਅਤੇ ਅੰਡਰ-19 ਉਮਰ ਸਮੂਹ ਮੁਕਾਬਲੇ ਸ਼ਾਮਲ ਸਨ। ਅੰਡਰ-14 ਵਰਗ ਵਿਚ ਡੀ.ਏ.ਵੀ. ਮਲਟੀਪਰਪਜ਼ ਪਬਲਿਕ ਸਕੂਲ ਸੈਕਟਰ 15, ਸੋਨੀਪਤ ਪਹਿਲੇ ਸਥਾਨ ਤੇ ਰਿਹਾ ਜਦੋਂ ਕਿ ਡੀ.ਏ.ਵੀ. ਪਬਲਿਕ ਸਕੂਲ, ਸੈਕਟਰ 14, ਗੁਰੂ ਗਰਾਮ ਦੂਜੇ ਅਤੇ ਪੁਲੀਸ ਡੀ.ਏ.ਵੀ. ਪਬਲਿਕ ਸਕੂਲ, ਅੰਬਾਲਾ ਸ਼ਹਿਰ ਤੀਜੇ ਸਥਾਨ ਤੇ ਰਿਹਾ।

ਸ.ਫ਼ਾ 1 ਦਾ ਬਾਕੀ...

ਦੋਵੇਂ ਨੇਤਾ ਗਲੇ...

ਸਮਾਗਮ ਵਿੱਚ ਹਿੱਸਾ ਲੈ ਰਹੇ ਹਨ। ਮੋਦੀ ਬਿਸ਼ਕੇਕ ਵਿੱਚ 6ਵੇਂ ਵਿਸ਼ਵ ਨੋਮੈਡ ਖੇਡਾਂ ਦੇ ਉਦਘਾਟਨ ਸਮਾਰੋਹ ਵਿੱਚ ਵੀ ਸ਼ਾਮਲ ਹੋਣਗੇ।

ਪ੍ਰਧਾਨ ਮੰਤਰੀ ਮੋਦੀ ਨੇ ਰੂਸੀ ਰਾਸ਼ਟਰਪਤੀ ਪੁਤਿਨ ਨੂੰ ਅਗਲੇ ਮਹੀਨੇ ਭਾਰਤ ਵਿੱਚ ਹੋਣ ਵਾਲੇ ਬ੍ਰਿਕਸ ਸੰਮੇਲਨ ਲਈ ਸੱਦਾ ਦਿੱਤਾ। ਮੋਦੀ ਨੇ ਕਿਹਾ, ਭਾਰਤ ਕੁਝ ਦਿਨਾਂ ਵਿੱਚ ਬ੍ਰਿਕਸ ਸੰਮੇਲਨ ਦੀ ਮੇਜ਼ਬਾਨੀ ਕਰ ਰਿਹਾ ਹੈ। ਸਾਰੇ ਭਾਰਤੀ ਤੁਹਾਡਾ ਅਤੇ ਤੁਹਾਡੇ ਵਫ਼ਦ ਦਾ ਸਵਾਗਤ ਕਰਨ ਲਈ ਬਹੁਤ ਉਤਸੁਕ ਹਨ।

ਸਾਨੂੰ ਜੰਗਾਂ ਨੂੰ ਖਤਮ ਕਰਨ ਵੱਲ ਵਧਣਾ ਚਾਹੀਦਾ ਹੈ : ਮੋਦੀ

ਮੋਦੀ ਨੇ ਕਿਹਾ, ਅਸੀਂ ਹਮੇਸ਼ਾ ਯੂਕਰੇਨ ਦੀ ਸਥਿਤੀ 'ਤੇ ਚਰਚਾ ਕੀਤੀ ਹੈ। ਪਿਛਲੀ ਵਾਰ ਜਦੋਂ ਅਸੀਂ ਮਿਲੇ ਸੀ, ਤੁਸੀਂ ਮੈਨੂੰ ਸਥਿਤੀ ਦੇ ਸਾਰੇ ਪਹਿਲੂਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਸੀ। ਸਾਨੂੰ ਕਦੇ ਨਾ ਖਤਮ ਹੋਣ ਵਾਲੀਆਂ ਜੰਗਾਂ ਤੋਂ ਪਰੇ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ। ਭਾਰਤ ਸ਼ਾਂਤੀ ਵੱਲ ਸਾਰੇ ਯਤਨਾਂ ਦਾ ਸਮਰਥਨ ਕਰਦਾ ਹੈ। ਸਾਰੇ ਮੁੱਦਿਆਂ ਨੂੰ ਸ਼ਾਂਤੀਪੂਰਨ ਤਰੀਕਿਆਂ ਨਾਲ ਹੱਲ ਕਰਨਾ ਮਨੁੱਖਤਾ ਦਾ ਸੱਦਾ ਹੈ। ਰੂਸ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਸੱਤ ਗੁਣਾ ਵਧ ਗਈ ਹੈ: ਪੁਤਿਨ

ਰਾਸ਼ਟਰਪਤੀ ਪੁਤਿਨ ਦੀਆਂ ਟਿੱਪਣੀਆਂ ਦਾ ਅਨੁਵਾਦ ਕੀਤਾ ਜਾ ਰਿਹਾ ਹੈ। ਅਨੁਵਾਦਕ ਨੇ ਕਿਹਾ, ਰੂਸ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਗਿਣਤੀ ਦੇ ਮਾਮਲੇ ਵਿੱਚ ਭਾਰਤ ਚੋਟੀ ਦੇ ਦੇਸ਼ਾਂ ਵਿੱਚ ਸ਼ਾਮਲ ਹੈ। ਪਿਛਲੇ ਕੁਝ ਸਾਲਾਂ ਵਿੱਚ, ਇਹ ਅੰਕੜਾ ਸੱਤ ਗੁਣਾ ਵਧ ਕੇ 40,000 ਤੱਕ ਪਹੁੰਚ ਗਿਆ ਹੈ। ਅਸੀਂ ਭਾਰਤ ਅਤੇ ਰੂਸ ਵਿਚਕਾਰ ਨਿਯਮਿਤ ਤੌਰ 'ਤੇ ਸੱਭਿਆਚਾਰਕ ਤਿਉਹਾਰਾਂ ਦਾ ਆਯੋਜਨ ਕਰਦੇ ਹਾਂ। ਸਾਡੇ ਵਿਚਕਾਰ ਮਹੱਤਵਪੂਰਨ ਸੈਲਾਨੀ ਆਦਾਨ-ਪ੍ਰਦਾਨ ਵੀ ਹੁੰਦਾ ਹੈ, ਜਿਸ ਵਿੱਚ 16% ਵਾਧਾ ਦੇਖਿਆ ਗਿਆ ਹੈ। ਅਸੀਂ ਸੰਯੁਕਤ ਰਾਸ਼ਟਰ, ਬ੍ਰਿਕਸ, ਜੀ20 ਅਤੇ ਐਸਸੀਓ ਦੇ ਅੰਦਰ ਆਪਣੇ ਯਤਨਾਂ ਵਿੱਚ ਨਜ਼ਦੀਕੀ ਤਾਲਮੇਲ ਬਣਾਈ ਰੱਖਦੇ ਹਾਂ। ਅੱਜ, ਸਾਡੇ ਕੋਲ ਰੂਸ-ਭਾਰਤ ਸਬੰਧਾਂ ਦੇ ਵਿਕਾਸ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਅਤੇ ਭਵਿੱਖ ਦੇ ਸਹਿਯੋਗ ਲਈ ਇੱਕ ਢਾਂਚੇ ਦੀ ਰੂਪਰੇਖਾ ਤਿਆਰ ਕਰਨ ਦਾ ਇੱਕ ਵਧੀਆ ਮੌਕਾ ਹੈ।

ਦਿੱਲੀ ਵਿੱਚ 16...

ਨੋਇਡਾ ਜਾਣ ਲਈ ਕਿਸੇ ਵਾਹਨ ਦੀ ਉਡੀਕ ਕਰਨ ਲੱਗੀ। ਇਸ ਦੌਰਾਨ, ਇੱਕ ਖਾਲੀ ਸਲੀਪਰ ਬੱਸ ਉੱਥੋਂ ਲੰਘੀ, ਅਤੇ ਉਸਨੇ ਉਸਨੂੰ ਰੁਕਣ ਦਾ ਇਸ਼ਾਰਾ ਕੀਤਾ। ਡਰਾਈਵਰ ਅਤੇ ਕੰਡਕਟਰ ਨੇ ਵਿਦਿਆਰਥਣ ਨੂੰ ਬੱਸ ਵਿੱਚ ਚੜ੍ਹਨ ਦਿੱਤਾ, ਉਸਨੂੰ ਦੱਸਿਆ ਕਿ ਇਹ ਨੋਇਡਾ ਸੈਕਟਰ-63 ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਬੱਸ ਚੱਲਣ ਤੋਂ ਥੋੜ੍ਹੀ ਦੇਰ ਬਾਅਦ, ਕੰਡਕਟਰ ਨੇ ਉਸ ਨਾਲ ਛੇੜਛਾੜ ਕਰਨ ਦੀ ਕੋਸ਼ਿਸ਼ ਕੀਤੀ। ਵਿਦਿਆਰਥਣ ਨੇ ਪੁਲਿਸ ਨੂੰ ਦੱਸਿਆ ਕਿ ਡਰਾਈਵਰ ਅਤੇ ਕੰਡਕਟਰ ਦੋਵਾਂ ਨੇ ਉਸ ਨਾਲ ਬਲਾਤਕਾਰ ਕੀਤਾ। ਜਦੋਂ ਉਸਨੇ ਵਿਰੋਧ ਕੀਤਾ, ਤਾਂ ਉਨ੍ਹਾਂ ਨੇ ਉਸਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ।

ਯੂਪੀ: ਪਟਾਕਾ ਫੈਕਟਰੀ...

ਵਿੱਚ ਜੁਟੇ ਹਨ। ਘਟਨਾ ਸਥਾਨ ਦੇ ਕੋਲ ਪਹੁੰਚੀ ਅਜਮੇਰ ਸ਼ਿਆਲਦਾਹ ਐਕਸਪ੍ਰੈਸ ਨੂੰ ਮਨੋਰੀ ਰੇਲਵੇ ਸਟੇਸ਼ਨ 'ਤੇ ਵਾਪਸ ਭੇਜ ਦਿੱਤਾ ਗਿਆ। ਦਿੱਲੀ ਤੋਂ ਬਨਾਰਸ ਜਾ ਰਹੀ ਵੰਦੇ ਭਾਰਤ ਟਰੇਨ ਨੂੰ ਇੱਕ ਸਟੇਸ਼ਨ ਪਿੱਛੇ ਸੱਯਦ ਸਰਾਵਾ ਰੇਲਵੇ ਸਟੇਸ਼ਨ 'ਤੇ ਰੋਕ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਇੱਕ ਘੰਟੇ ਤੱਕ ਰੇਲਵੇ ਆਵਾਜਾਈ ਵੀ ਪ੍ਰਭਾਵਿਤ ਰਹੀ।

ਇਸ ਦੌਰਾਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਇਸ ਦੁਰਘਟਨਾ ਵਿੱਚ ਜਾਨ ਗੁਆਉਣ ਵਾਲੇ ਲੋਕਾਂ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਹੈ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਜ਼ਖ਼ਮੀਆਂ ਲਈ ਸਹਾਇਤਾ ਦਾ ਵੀ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ, ÷ਇਸ ਦੁਰਘਟਨਾ ਵਿੱਚ ਮਰਨ ਵਾਲੇ ਲੋਕਾਂ ਦੇ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50,000-50,000 ਰੁਪਏ ਦੀ ਆਰਥਿਕ ਸਹਾਇਤਾ ਪ੍ਰਦਾਨ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਹਨ।

ਪੰਜਾਬ ਯੂਨੀਵਰਸਿਟੀ ਵਿਦਿਆਰਥੀ ...

ਜਥੇਬੰਦੀਆਂ ਵੱਲੋਂ ਇਕ ਦੂਜੇ ਉਤੇ ਸਿਆਸੀ ਦਖਲਅੰਦਾਜ਼ੀ ਦੇ ਦੋਸ਼ ਲਗਾਏ ਜਾਂਦੇ ਰਹੇ ਪ੍ਰੰਤੂ ਅੱਜ ਚੋਣ ਨਤੀਜਾ ਘੋਸ਼ਿਤ ਹੁੰਦਿਆਂ ਹੀ ਸਿਆਸੀ ਪਾਰਟੀਆਂ ਦਾ ਖੁੱਲ੍ਹ ਕੇ ਚਿਹਰਾ ਸਾਹਮਣੇ ਆਇਆ। ਏ ਬੀ ਵੀ ਪੀ ਦੇ ਜੇਤੂ ਰਹੇ ਪ੍ਰਧਾਨ ਅੰਕਿਤ ਨੇ ਜਿੱਤ ਉਪਰੰਤ 'ਝਾੜੂ' ਤੋੜ ਕੇ ਆਮ ਆਦਮੀ ਪਾਰਟੀ ਪ੍ਰਤੀ ਗੁੱਸੇ ਦਾ ਇਜ਼ਹਾਰ ਕੀਤਾ।

ਪੰਜਾਬ ਚੋਂ ਵੀ.ਆਈ.ਪੀ....

ਦਸਤਾਰ ਸਜਾਈ ਗਈ।

ਚੇਤੇ ਰਹੇ ਕਿ ਆਮ ਆਦਮੀ ਪਾਰਟੀ ਦਾ ਤਾਂ ਆਪਣਾ ਏਜੰਡਾ ਹੀ ਵੀ ਆਈ ਪੀ ਕਲਚਰ ਖ਼ਤਮ ਕਰਨ ਦਾ ਸੀ। ਲਾਲ ਬੱਤੀ ਕਲਚਰ, ਤੋਹਫ਼ਾ ਕਲਚਰ, ਗੰਨਮੈਨ ਕਲਚਰ ਆਦਿ ਸਭ ਨੂੰ 'ਆਪ' ਨੇ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ।

'ਆਪ' ਸਰਕਾਰ ਨੇ ਦਸੰਬਰ 2022 'ਚ ਪੱਤਰ ਜਾਰੀ ਕਰਕੇ ਸਰਕਟ ਹਾਊਸਾਂ 'ਚ ਵੀ ਆਈ ਪੀਜ਼ ਦੇ ਠਹਿਰਨ ਦੀ ਗੱਲ ਕੀਤੀ ਸੀ ਪ੍ਰੰਤੂ ਮਗਰੋਂ ਸਾਰੇ ਵੀ ਆਈ ਪੀਜ਼ ਨੇ ਸਰਕਟ ਹਾਊਸਾਂ ਵੱਲ ਮੂੰਹ ਹੀ ਨਹੀਂ ਕੀਤਾ। 'ਆਪ' ਦੀਆਂ ਅਹਿਮ ਹਸਤੀਆਂ ਨੇ ਪੰਜਾਬ ਦੇ ਪੰਜ ਤਾਰਾ ਹੋਟਲਾਂ 'ਚ ਠਹਿਰ ਕੀਤੀ। ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਆਪਣੇ ਕਾਰਜਕਾਲ ਦੌਰਾਨ ਸਰਕਟ ਹਾਊਸ 'ਚ ਠਹਿਰਦੇ ਹੁੰਦੇ ਸਨ। ਅਮਰਿੰਦਰ ਸਿੰਘ ਨੇ ਵੀ ਪਹਿਲੀ ਕੈਬਨਿਟ 'ਚ 18 ਮਾਰਚ 2017 ਨੂੰ ਲਾਲ ਬੱਤੀ ਕਲਚਰ ਦੇ ਖ਼ਾਤਮੇ ਦਾ ਐਲਾਨ ਕੀਤਾ ਸੀ।

ਅਕਾਲੀ ਭਾਜਪਾ ਗੱਠਜੋੜ ਸਰਕਾਰ ਨੇ ਆਪਣੇ ਸਮੇਂ 'ਚ ਵਗਾਰ ਕਲਚਰ ਦੇ ਖ਼ਾਤਮੇ ਦਾ ਐਲਾਨ ਕੀਤਾ ਸੀ। ਅਮਰਿੰਦਰ ਸਰਕਾਰ ਨੇ ਤਾਂ ਮੁੱਖ ਮੰਤਰੀ ਦੀ ਕੁਰਸੀ ਸੰਭਾਲਣ ਮਗਰੋਂ ਵਿਧਾਇਕਾਂ ਅਤੇ ਮੰਤਰੀਆਂ ਦੀ ਜਾਇਦਾਦ ਦੇ ਵੇਰਵੇ ਹਰ ਸਾਲ ਜਨਤਿਕ ਕਰਨ ਦਾ ਐਲਾਨ ਕੀਤਾ ਸੀ। ਇਹੋ ਗੱਲ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦੁਹਰਾਈ ਸੀ। ਕੋਈ ਵੀ ਸਰਕਾਰ ਵੀ ਆਈ ਪੀ ਕਲਚਰ ਨੂੰ ਖ਼ਤਮ ਨਹੀਂ ਕਰ ਰਹੀ ਸੀ। ਵੀ ਆਈ ਪੀਜ਼ ਦੇ ਦੌਰਿਆਂ ਮੌਕੇ ਅੱਜ ਵੀ ਪੰਜਾਬ 'ਚ ਪੁਲੀਸ ਰੂਟ ਲੱਗਦੇ ਹਨ।

ਸਪੇਨ ਨੂੰ ਹਰਾ...

ਤੀਜੀ ਵਾਰ ਫਾਈਨਲ ਵਿੱਚ ਪਹੁੰਚਿਆ ਸੀ ਪਰ ਖ਼?ਤਾਬ ਜਿੱਤਣ ਦਾ ਉਸ ਦਾ ਸੁਪਨਾ ਅਧੂਰਾ ਰਹਿ ਗਿਆ। ਮੈਚ ਦੌਰਾਨ ਸਪੇਨ ਨੇ ਬਰਾਬਰੀ ਕਰਨ ਲਈ ਪੂਰੀ ਕੋਸ਼ਿਸ਼ ਕੀਤੀ ਅਤੇ ਕੋਚ ਨੇ ਆਖਰੀ ਮਿੰਟਾਂ ਵਿੱਚ ਗੋਲਕੀਪਰ ਨੂੰ ਵੀ ਹਟਾ ਦਿੱਤਾ ਪਰ ਜਰਮਨ ਡਿਫੈਂਸ ਨੇ ਕੋਈ ਮੌਕਾ ਨਹੀਂ ਦਿੱਤਾ। ਇਸ ਟੂਰਨਾਮੈਂਟ ਦੇ ਹੋਰਨਾਂ ਮੁਕਾਬਲਿਆਂ ਖਾਸ ਕਰ ਕਾਂਸੀ ਦੇ ਤਮਗੇ ਲਈ ਹੋਏ ਰੋਮਾਂਚਕ ਮੁਕਾਬਲੇ ਵਿੱਚ ਅਰਜਨਟੀਨਾ ਨੇ ਸਹਿ-ਮੇਜ਼ਬਾਨ ਨੀਦਰਲੈਂਡ ਨੂੰ 2-1 ਨਾਲ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ। ਅਰਜਨਟੀਨਾ ਲਈ ਕਪਤਾਨ ਮਥਿਆਸ ਰੇਅ ਨੇ 59ਵੇਂ ਮਿੰਟ ਵਿੱਚ ਗੋਲ ਦਾਗਿਆ। ਸੈਮੀਫਾਈਨਲ ਮੈਚ: ਸਪੇਨ ਨੇ ਸੈਮੀਫਾਈਨਲ ਵਿੱਚ ਨੀਦਰਲੈਂਡਜ਼ ਨੂੰ 4-3 ਨਾਲ ਹਰਾਇਆ ਸੀ, ਜਦੋਂ ਕਿ ਜਰਮਨੀ ਨੇ ਅਰਜਨਟੀਨਾ ਨੂੰ 2-1 ਨਾਲ ਮਾਤ ਦਿੱਤੀ ਸੀ। ਮਹਿਲਾ ਵਰਗ: ਮਹਿਲਾ ਵਰਗ ਦੇ ਫਾਈਨਲ ਵਿੱਚ ਅਰਜਨਟੀਨਾ ਨੇ ਨੀਦਰਲੈਂਡਜ਼ ਦੇ ਲਗਾਤਾਰ ਤਿੰਨ ਵਾਰ ਦੀ ਜੇਤੂ ਲੈਅ ਨੂੰ ਖ਼ਤਮ ਕਰਦਿਆਂ ਖ਼ਿਤਾਬ ਆਪਣੇ ਨਾਮ ਕੀਤਾ ਸੀ।

ਸਾਊਦੀ ਅਰਬ ਤੋਂ...

ਲੈਂਡਿੰਗ ਤੋਂ ਬਾਅਦ, ਸੁਰੱਖਿਆ ਏਜੰਸੀਆਂ - ਜਿਨ੍ਹਾਂ ਵਿੱਚ ਸੀਆਈਐਸਐਫ, ਬੰਬ ਨਿਰੋਧਕ ਦਸਤਾ, ਅਤੇ ਕੁੱਤਿਆਂ ਦੇ ਦਸਤੇ ਸ਼ਾਮਲ ਹਨ - ਨੇ ਜਹਾਜ਼ ਦਾ ਮੁਆਇਨਾ ਕੀਤਾ। ਪੁਲਿਸ ਨੇ ਇਹ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ ਕਿ ਧਮਕੀ ਭਰਿਆ ਨੋਟ ਕਿਸਨੇ ਅਤੇ ਕਿਉਂ ਛੱਡਿਆ।

ਈਥਾਨੌਲ ਪ੍ਰਤੀਸ਼ਤ ਦੇ...

ਜਦੋਂ ਅਸੀਂ ਬਿਸਕੁਟ ਦਾ ਪੈਕੇਟ ਖਰੀਦਦੇ ਹਾਂ, ਤਾਂ ਵੀ ਉਸ 'ਤੇ ਸਮੱਗਰੀ ਸੂਚੀਬੱਧ ਹੁੰਦੀ ਹੈ। ਜਦੋਂ ਮੈਂ ਪੈਟਰੋਲ ਖਰੀਦਦਾ ਹਾਂ, ਤਾਂ ਈ20 ਦਾ ਕੋਈ ਜ਼ਿਕਰ ਨਹੀਂ ਹੁੰਦਾ। ਮੈਂ ਸਰਕਾਰ ਦੀ ਨੀਤੀ ਨੂੰ ਚੁਣੌਤੀ ਨਹੀਂ ਦੇ ਰਿਹਾ ਹਾਂ; ਮੈਂ ਸਿਰਫ਼ ਈਥਾਨੌਲ ਸਮੱਗਰੀ ਬਾਰੇ ਜਾਣਕਾਰੀ ਮੰਗਦਾ ਹਾਂ।÷ ਅਟਾਰਨੀ ਜਨਰਲ ਆਰ. ਵੈਂਕਟਰਮਣੀ (ਕੇਂਦਰ ਵੱਲੋਂ): ਪਟੀਸ਼ਨ ਦਾ ਵਿਰੋਧ ਕਰਦੇ ਹੋਏ, ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਪਹਿਲਾਂ ਹੀ ਈਥਾਨੌਲ ਮਿਸ਼ਰਣ ਨੀਤੀ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਹੈ।

ਕੌਮਾਂਤਰੀ ਅਦਾਲਤ ਵੱਲੋਂ...

ਪ੍ਰਾਜੈਕਟਾਂ 'ਤੇ ਜਲ ਭੰਡਾਰਨ ਸਮਰੱਥਾ ਵਧਾਉਣ ਦਾ ਕੰਮ ਸ਼ੁਰੂ ਕੀਤਾ ਤਾਂ ਪਾਕਿਸਤਾਨ ਨੇ ਕਾਨੂੰਨੀ ਕਾਰਵਾਈ ਕੀਤੀ।

1960 ਤੋਂ ਬਾਅਦ ਤਿੰਨ ਜੰਗਾਂ ਅਤੇ ਕਈ ਹੋਰ ਟਕਰਾਵਾਂ ਦੇ ਬਾਵਜੂਦ ਦੋਵਾਂ ਦੇਸ਼ਾਂ ਨੇ ਇਸ ਸਿੰਧ ਜਲ ਸੰਧੀ ਦਾ ਸਨਮਾਨ ਕੀਤਾ ਸੀ ਪਰ ਭਾਰਤ ਵੱਲੋਂ ਚੁੱਕੇ ਗਏ ਇਨ੍ਹਾਂ ਕਦਮਾਂ ਨੂੰ ਸੰਧੀ ਤੋਂ ਬਾਹਰ ਕੰਮ ਕਰਨ ਵੱਲ ਪਹਿਲਾ ਠੋਸ ਕਦਮ ਮੰਨਿਆ ਗਿਆ ਸੀ। ਦੂਜੇ ਪਾਸੇ, ਅਦਾਲਤ ਦੇ ਅਧਿਕਾਰਤ ਮੈਂਬਰ ਹੋਣ ਦੇ ਬਾਵਜੂਦ ਭਾਰਤ ਨੇ ਇਸ ਅਦਾਲਤ ਦੇ ਫੈਸਲੇ ਨੂੰ ਨਾ ਮੰਨਣ ਦਾ ਐਲਾਨ ਕੀਤਾ ਅਤੇ ਇਸ ਫ਼ੈਸਲੇ ਨੂੰ ਸਪੱਸ਼ਟ ਤੌਰ ਉੱਤੇ ਰੱਦ ਕਰ ਦਿੱਤਾ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ, ÷ਇਸ ਅਖੌਤੀ ਸਾਲਸੀ ਅਦਾਲਤ ਕੋਲ ਭਾਰਤ ਦੇ ਪ੍ਰਭੁਸੱਤਾ ਵਾਲੇ ਫ਼ੈਸਲਿਆਂ ਉੱਤੇ ਫ਼ੈਸਲਾ ਸੁਣਾਉਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਦੀਆਂ ਟਿੱਪਣੀਆਂ ਦਾ, ਹੁਣ ਜਾਂ ਭਵਿੱਖ ਵਿੱਚ, ਭਾਰਤ ਵੱਲੋਂ ਕੀਤੇ ਜਾ ਰਹੇ ਪ੍ਰਾਜੈਕਟਾਂ ਨਾਲ ਜੁੜੇ ਕੰਮਾਂ ਉੱਤੇ ਕੋਈ ਅਸਰ ਨਹੀਂ ਪਵੇਗਾ।÷ ਅਦਾਲਤ ਨੇ ਕਿਹਾ ਹੈ ਕਿ ਵਿਸ਼ਵ ਬੈਂਕ ਵੱਲੋਂ ਨਿਯੁਕਤ ਕੀਤਾ ਗਿਆ ਇੱਕ ਨਿਰਪੱਖ ਮਾਹਰ ਜੁਲਾਈ 2027 ਤੱਕ ਇਹ ਫ਼ੈਸਲਾ ਕਰੇਗਾ ਕਿ ਹਿਮਾਲਿਆ ਖੇਤਰ ਵਿੱਚ ਪਣ-ਬਿਜਲੀ ਪਲਾਂਟਾਂ ਦੀ ਉਸਾਰੀ ਸੰਧੀ ਦੇ ਮੁਤਾਬਕ ਹੈ ਜਾਂ ਨਹੀਂ।

ਕੌਮੀ ਕਮਿਸ਼ਨ ਵੱਲੋਂ...

ਮਾਮਲੇ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਲਈ ਜ਼ਰੂਰੀ ਕਦਮ ਚੁੱਕਣ ਅਤੇ 5 ਦਿਨਾਂ ਦੇ ਅੰਦਰ ਇਸ ਕਾਰਵਾਈ ਦੀ ਸਥਿਤੀ ਕਮਿਸ਼ਨ ਨੂੰ ਸੌਂਪਣ ਦੀ ਸਿਫ਼ਾਰਸ਼ ਕੀਤੀ ਹੈ। ਕਮਿਸ਼ਨ ਨੇ ਜਾਂਚ ਜਲਦੀ ਤੋਂ ਜਲਦੀ ਪੂਰੀ ਕਰਨ ਤੋਂ ਇਲਾਵਾ ਬਿਨਾਂ ਕਿਸੇ ਦੇਰੀ ਦੇ ਸਮਰੱਥ ਅਦਾਲਤ ਵਿੱਚ ਚਾਰਜਸ਼ੀਟ ਦਾਖ਼ਲ ਕਰਨ ਦੇ ਨਿਰਦੇਸ਼ ਵੀ ਦਿੱਤੇ।

ਚੇਅਰਮੈਨ ਨੇ ਜਾਂਚ ਤੇ ਗ੍ਰਿਫ਼ਤਾਰੀ ਵਿੱਚ ਹੋਈ ਦੇਰੀ ਲਈ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕਰਨ ਦੀ ਵੀ ਸਿਫ਼ਾਰਸ਼ ਕੀਤੀ ਹੈ। ਜੇਕਰ ਸਬੰਧਿਤ ਜਾਂਚ ਅਧਿਕਾਰੀ ਵੱਲੋਂ ਡਿਊਟੀ ਵਿੱਚ ਕੋਈ ਲਾਪਰਵਾਹੀ ਪਾਈ ਜਾਂਦੀ ਹੈ, ਤਾਂ ਕਾਨੂੰਨ ਅਨੁਸਾਰ ਵਿਭਾਗੀ ਕਾਰਵਾਈ ਕੀਤੀ ਜਾ ਸਕਦੀ ਹੈ। ਕਮਿਸ਼ਨ ਦੀਆਂ ਸਿਫ਼ਾਰਸ਼ਾਂ 'ਤੇ 30 ਦਿਨਾਂ ਦੇ ਅੰਦਰ ਐਕਸ਼ਨ ਟੇਕਨ ਰਿਪੋਰਟ ਮੰਗੀ ਗਈ ਹੈ। ਕੌਮੀ ਕਮਿਸ਼ਨ ਨੇ ਪਟੀਸ਼ਨਰ ਸਰਬਜੋਤ ਸਿੰਘ ਨੂੰ ਲਗਾਤਾਰ ਮਿਲ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਦਿੱਲੀ ਅਤੇ ਪੰਜਾਬ ਦੋਵਾਂ ਥਾਵਾਂ 'ਤੇ ਤੁਰੰਤ ਢੁਕਵੀਂ ਪੁਲੀਸ ਸੁਰੱਖਿਆ ਦੇਣ ਲਈ ਕਿਹਾ ਹੈ।

ਸੁਪਰੀਮ ਕੋਰਟ ਨੇ...

ਕੇਂਦਰ ਸਰਕਾਰ ਨੇ 25 ਜੁਲਾਈ ਨੂੰ ਕੀਤੇ ਗਏ ਵਾਅਦੇ ਪੂਰੇ ਨਹੀਂ ਕੀਤੇ ਹਨ, ਜਿਸ ਦੇ ਤਹਿਤ ਉਨ੍ਹਾਂ ਨੂੰ ਪ੍ਰੀਖਿਆ ਬੇਨਿਯਮੀਆਂ ਵਿਰੁੱਧ ਆਪਣਾ 36 ਦਿਨਾਂ ਦਾ ਅੰਦੋਲਨ ਵਾਪਸ ਲੈਣ ਲਈ ਮਨਾਇਆ ਗਿਆ ਸੀ।

ਇਸ ਤੋਂ ਪਹਿਲਾਂ, ਦਿੱਲੀ ਪੁਲੀਸ ਨੇ ਕਿਹਾ ਸੀ ਕਿ ਸੀ ਜੇ ਪੀ ਵੱਲੋਂ ਆਪਣੀਆਂ ਯੋਜਨਾਵਾਂ ਦਾ ਐਲਾਨ ਕਰਨ ਦੇ ਬਾਵਜੂਦ, ਉਸ ਨੂੰ ਇੰਡੀਆ ਗੇਟ ਤੋਂ ਦਿੱਲੀ ਪੁਲੀਸ ਹੈੱਡਕੁਆਰਟਰ ਤੱਕ ਮਾਰਚ ਲਈ ਕੋਈ ਬੇਨਤੀ ਪ੍ਰਾਪਤ ਨਹੀਂ ਹੋਈ ਹੈ।

ਜ਼ਿਕਰਯੋਗ ਹੈ ਕਿ ਰਿਟਾਇਰਡ ਦਿੱਲੀ ਪੁਲੀਸ ਅਧਿਕਾਰੀ ਰਾਜੇਂਦਰ ਸਿੰਘ ਦੁਆਰਾ ਦਾਇਰ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਸੁਰੱਖਿਆ-ਸੰਵੇਦਨਸ਼ੀਲ ਸੰਵਿਧਾਨਕ ਖੇਤਰਾਂ, ਜਿਵੇਂ ਕਿ ਇੰਡੀਆ ਗੇਟ, ਸੈਂਟਰਲ ਵਿਸਟਾ ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਸਮੂਹਿਕ ਇਕੱਠਾਂ, ਮਾਰਚਾਂ ਜਾਂ ਸੰਗਠਿਤ ਪ੍ਰਦਰਸ਼ਨਾਂ ਲਈ ਕਿਸੇ ਵੀ ਜਨਤਕ ਸੱਦੇ 'ਤੇ ਪਾਬੰਦੀ ਲਗਾਈ ਜਾਵੇ ਜਦੋਂ ਤੱਕ ਪ੍ਰਬੰਧਕਾਂ ਨੇ ਲੋੜੀਂਦੀ ਇਜਾਜ਼ਤ ਨਹੀਂ ਲਈ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਗਈ ਹੈ ਕਿ ਲੁਟੀਅਨਜ਼ ਦਿੱਲੀ ਵਿੱਚ ਕਿਸੇ ਵੀ ਪ੍ਰਸਤਾਵਿਤ ਲਾਮਬੰਦੀ ਨੂੰ 12-13 ਸਤੰਬਰ ਨੂੰ ਨਿਰਧਾਰਤ ਬ੍ਰਿਕਸ ਸੰਮੇਲਨ ਦੀ ਸਮਾਪਤੀ ਤੱਕ ਨਿਯੰਤ੍ਰਿਤ, ਮੁਲਤਵੀ ਜਾਂ ਢੁਕਵੇਂ ਰੂਪ ਵਿੱਚ ਸੋਧਿਆ ਜਾਵੇ।

955 ਮੌਤਾਂ, 4,247...

ਕਰ ਰਹੀਆਂ ਹਨ। ਫੋਰੈਂਸਿਕ ਸਹੂਲਤਾਂ ਅਤੇ ਮੁਰਦਾਘਰ ਦੀ ਘਾਟ ਦਾ ਸਾਹਮਣਾ ਕਰਦੇ ਹੋਏ, ਅਧਿਕਾਰੀਆਂ ਨੇ ਸ਼ਨੀਵਾਰ ਨੂੰ ਲਗਭਗ 100 ਲਾਸ਼ਾਂ ਨੂੰ ਅਸਥਾਈ ਕਬਰਾਂ ਵਿੱਚ ਦਫ਼ਨਾਇਆ। ਅਧਿਕਾਰੀਆਂ ਦੇ ਅਨੁਸਾਰ, ਲਾਸ਼ਾਂ ਨੂੰ ਦਫ਼ਨਾਉਣ ਤੋਂ ਪਹਿਲਾਂ ਡੀਐਨਏ ਨਮੂਨੇ ਇਕੱਠੇ ਕੀਤੇ ਜਾ ਰਹੇ ਹਨ। ਫੋਟੋਆਂ ਅਤੇ ਹੋਰ ਵੇਰਵੇ - ਜਿਵੇਂ ਕਿ ਚਿਹਰੇ ਦੀ ਪਛਾਣ ਵਿੱਚ ਸਹਾਇਤਾ ਕਰਨ ਵਾਲੀਆਂ ਵਿਸ਼ੇਸ਼ਤਾਵਾਂ - ਵੀ ਰਿਕਾਰਡ ਕੀਤੀਆਂ ਜਾ ਰਹੀਆਂ ਹਨ। ਹਰੇਕ ਲਾਸ਼ ਨੂੰ ਇੱਕ ਹਵਾਲਾ ਨੰਬਰ ਦਿੱਤਾ ਜਾ ਰਿਹਾ ਹੈ ਤਾਂ ਜੋ ਪਰਿਵਾਰਕ ਮੈਂਬਰ ਬਾਅਦ ਵਿੱਚ ਇਸਦੀ ਪਛਾਣ ਕਰ ਸਕਣ।

ਪੁਲਿਸ ਇੰਸਪੈਕਟਰ ਅਨਿਲ ਥਾਪਾ ਨੇ ਦੱਸਿਆ ਕਿ ਕਈ ਲਾਸ਼ਾਂ ਲਗਭਗ ਚਾਰ ਦਿਨਾਂ ਤੋਂ ਹੜ੍ਹ ਦੇ ਪਾਣੀ ਵਿੱਚ ਪਈਆਂ ਸਨ, ਜਿਸ ਕਾਰਨ ਸੜਨ ਲੱਗ ਪਿਆ ਸੀ। ਗਰਮੀ ਅਤੇ ਨਮੀ ਦੇ ਵਿਚਕਾਰ ਲਾਸ਼ਾਂ ਨੂੰ ਖੁੱਲ੍ਹੇ ਵਿੱਚ ਰੱਖਣ ਨਾਲ ਵੀ ਸਿਹਤ ਲਈ ਖ਼ਤਰਾ ਪੈਦਾ ਹੋ ਗਿਆ ਸੀ।

ਹੋਰਮੁਜ਼ ਸੰਕਟ ਨਾਲ...

ਤਣਾਅ ਵਿਚਾਲੇ ਸੋਮਵਾਰ ਨੂੰ ਸ਼ੁਰੂਆਤੀ ਕਾਰੋਬਾਰ ਵਿੱਚ ਰੁਪਿਆ 13 ਪੈਸੇ ਟੁੱਟ ਕੇ ਅਮਰੀਕੀ ਡਾਲਰ ਦੇ ਮੁਕਾਬਲੇ 95.56 'ਤੇ ਆ ਗਿਆ। ਵਿਦੇਸ਼ੀ ਮੁਦਰਾ ਕਾਰੋਬਾਰੀਆਂ ਨੇ ਦੱਸਿਆ ਕਿ ਸਤੰਬਰ ਵਿੱਚ ਫੈਡਰਲ ਰਿਜ਼ਰਵ ਵੱਲੋਂ ਵਿਆਜ ਦਰ ਵਧਾਏ ਜਾਣ ਦੇ ਆਸਾਰਾਂ ਵਿਚਾਲੇ ਅਮਰੀਕੀ ਬਾਂਡ 'ਤੇ (ਰਿਟਰਨ) ਵਧੀ ਅਤੇ ਡਾਲਰ ਵਿੱਚ ਵਿਆਪਕ ਮਜ਼ਬੂਤੀ ਆਈ। ਇਸ ਨਾਲ ਨਿਵੇਸ਼ਕਾਂ ਦੀ ਧਾਰਨਾ ਹੋਰ ਪ੍ਰਭਾਵਿਤ ਹੋਈ। ਅੰਤਰਬੈਂਕ ਵਿਦੇਸ਼ੀ ਮੁਦਰਾ ਵਟਾਂਦਰਾ ਬਾਜ਼ਾਰ ਵਿੱਚ ਰੁਪਿਆ 95.56 ਪ੍ਰਤੀ ਡਾਲਰ 'ਤੇ ਖੁੱਲ੍ਹਿਆ ਜੋ ਪਿਛਲੇ ਬੰਦ ਭਾਅ ਤੋਂ 13 ਪੈਸੇ ਦੀ ਗਿਰਾਵਟ ਹੈ।

ਸੰਪਾਦਕ-ਦਵਿੰਦਰ ਕੁਮਾਰ ਨੇ ਪ੍ਰਿੰਟਰ, ਇੰਮਪ੍ਰੈਸ਼ਨ ਪ੍ਰਿੰਟਿਗ ਅਤੇ ਪੈਕਿੰਗ ਲਿਮਿਟਿਡ, ਪਲਾਟ 22 ਅਤੇ 49 ਜੀਐਫ਼, ਇੰਡਰਸਟਰੀ ਏਰੀਆ, ਫ਼ੇਸ-2 ਪੰਚਕੂਲਾ (ਹਰਿਆਣਾ) ਤੋਂ ਪ੍ਰਕਾਸ਼ਿਤ Title code : CHAMUL00914
Editor-Davinder Kumar printed at Impression Printing & Packaging Ltd.Plot 22 & 49GF, Industrial Area, Phase-2 Panchkula(Haryana)-134115

ਬ੍ਰਹਮ ਸ਼ੰਕਰ ਜਿੰਪਾ ਨੇ ਆਤਮਸੁਖ ਆਸ਼ਰਮ ਦੇ ਖਿਡਾਰੀਆਂ ਦਾ ਹੌਸਲਾ ਵਧਾਇਆ

• ਬ੍ਰਹਮ ਸ਼ੰਕਰ ਜਿੰਪਾ ਨੇ ਆਤਮਸੁਖ ਆਸ਼ਰਮ ਦੇ ਵਿਸ਼ੇਸ਼ ਬੱਚਿਆਂ ਨੂੰ ਪ੍ਰੇਰਿਤ ਕੀਤਾ, ਕਿਹਾ-ਵਿਸ਼ੇਸ਼ ਬੱਚੇ ਕਿਸੇ ਤੋਂ ਘੱਟ ਨਹੀਂ



ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)
ਆਤਮਸੁਖ ਆਤਮਦੇਵ ਆਸ਼ਰਮ (ਫਾਰ ਲਿਵਿੰਗ ਗਾਡਜ਼), ਹੁਸ਼ਿਆਰਪੁਰ ਦੇ ਪ੍ਰਤਿਭਾਸ਼ਾਲੀ ਵਿਸ਼ੇਸ਼ ਖਿਡਾਰੀਆਂ ਸਾਗਰ ਅਤੇ ਅਮਨਦੀਪ ਕੌਰ ਦੀਆਂ ਅੰਤਰਰਾਸ਼ਟਰੀ ਖੇਡ ਪ੍ਰਾਪਤੀਆਂ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ।

ਇਸ ਮੌਕੇ ਸ਼੍ਰੀ ਬ੍ਰਹਮ ਸ਼ੰਕਰ ਜਿੰਪਾ, ਵਿਧਾਇਕ, ਹੁਸ਼ਿਆਰਪੁਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਦੋਵੇਂ ਖਿਡਾਰੀਆਂ ਨੂੰ ਸਨਮਾਨਿਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ। ਆਸ਼ਰਮ ਦੇ ਵਿਦਿਆਰਥੀ ਸਾਗਰ ਨੇ 4 ਤੋਂ 12 ਜੁਲਾਈ 2026 ਤੱਕ ਪੈਰਿਸ, ਫਰਾਂਸ ਵਿੱਚ ਆਯੋਜਿਤ ਸਪੈਸ਼ਲ ਓਲੰਪਿਕਸ ਯੂਨੀਫਾਈਡ ਫੁੱਟਬਾਲ ਵਰਲਡ ਕੱਪ, ਪੈਰਿਸ 2026 ਵਿੱਚ ਭਾਰਤ ਦੀ ਨੁਮਾਇੰਦਗੀ ਕਰਦਿਆਂ ਚਾਂਦੀ ਦਾ ਤਗਮਾ ਜਿੱਤ ਕੇ ਭਾਰਤ, ਪੰਜਾਬ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦਾ ਨਾਮ ਰੌਸ਼ਨ ਕੀਤਾ। ਇਸੇ ਤਰ੍ਹਾਂ ਆਸ਼ਰਮ ਦੀ ਪ੍ਰਤਿਭਾਸ਼ਾਲੀ ਖਿਡਾਰਨ ਅਮਨਦੀਪ ਕੌਰ ਨੇ 18 ਤੋਂ 25 ਅਗਸਤ 2026 ਤੱਕ ਬੈਲਜੀਅਮ ਅਤੇ ਨੀਦਰਲੈਂਡਜ਼ ਵਿੱਚ ਆਯੋਜਿਤ ਐਫ.ਆਈ.ਐਚ. ਪੈਰਾ ਹਾਕੀ ਵਰਲਡ ਕੱਪ 2026 ਵਿੱਚ ਭਾਰਤ ਵੱਲੋਂ ਭਾਗ ਲੈ ਕੇ ਅੰਤਰਰਾਸ਼ਟਰੀ ਮੰਚ 'ਤੇ ਆਪਣੀ ਪ੍ਰਤਿਭਾ, ਹਿੰਮਤ ਅਤੇ ਦ੍ਰਿੜ੍ਹ ਇਰਾਦੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਮਾਰੋਹ ਦੌਰਾਨ ਵਿਧਾਇਕ ਸ਼੍ਰੀ ਬ੍ਰਹਮ ਸ਼ੰਕਰ ਜਿੰਪਾ ਨੇ ਸਾਗਰ ਨੂੰ ਚਾਂਦੀ ਦਾ ਤਗਮਾ ਪਹਿਨਾ ਕੇ ਸਨਮਾਨਿਤ ਕੀਤਾ, ਜਦਕਿ ਅਮਨਦੀਪ ਕੌਰ ਨੂੰ ਐਫ.ਆਈ.ਐਚ. ਪੈਰਾ ਹਾਕੀ ਵਰਲਡ ਕੱਪ 2026 ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਦੀ ਪ੍ਰਾਪਤੀ ਲਈ ਸਨਮਾਨ-ਪੱਤਰ ਭੇਟ ਕੀਤਾ। ਇਸ ਮਾਣਮੱਤੇ ਮੌਕੇ 'ਤੇ ਹਾਜ਼ਰ ਲੋਕਾਂ ਨੇ ਤਾੜੀਆਂ ਵਜਾ ਕੇ ਦੋਵੇਂ ਵਿਸ਼ੇਸ਼ ਖਿਡਾਰੀਆਂ ਦੀਆਂ ਪ੍ਰਾਪਤੀਆਂ ਦਾ ਸਵਾਗਤ ਕੀਤਾ।

ਇਸ ਮੌਕੇ ਵਿਧਾਇਕ ਸ਼੍ਰੀ ਜਿੰਪਾ ਨੇ ਆਸ਼ਰਮ ਦੇ 11 ਵਿਸ਼ੇਸ਼ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਹਰ ਮਹੀਨੇ ਦਿੱਤੀ ਜਾਣ ਵਾਲੀ ਆਰਥਿਕ ਸਹਾਇਤਾ ਦੇ ਚੈੱਕ ਵੀ ਭੇਟ ਕੀਤੇ। ਇਸ ਮਹੀਨੇ ਵੰਡੇ ਗਏ ਚੈੱਕਾਂ ਦੀ ਕੁੱਲ ਰਕਮ ?22,250 ਸੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੀ ਬ੍ਰਹਮ ਸ਼ੰਕਰ ਜਿੰਪਾ ਨੇ ਆਤਮਸੁਖ ਆਤਮਦੇਵ ਆਸ਼ਰਮ ਵੱਲੋਂ ਵਿਸ਼ੇਸ਼ ਬੱਚਿਆਂ ਦੀ ਭਲਾਈ, ਸਿਖਲਾਈ ਅਤੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਆਸ਼ਰਮ ਵੱਲੋਂ ਇਨ੍ਹਾਂ ਬੱਚਿਆਂ ਨੂੰ ਪਿਆਰ, ਵਿਸ਼ਵਾਸ, ਸਿਖਲਾਈ, ਦੇਖਭਾਲ ਅਤੇ ਅੱਗੇ ਵਧਣ ਦੇ ਮੌਕੇ ਦਿੱਤੇ ਜਾ ਰਹੇ ਹਨ, ਜਿਸ ਦੇ ਨਤੀਜੇ ਵਜੋਂ ਉਹ ਆਪਣੀ ਪ੍ਰਤਿਭਾ ਨੂੰ ਪਛਾਣ ਕੇ ਕੌਮੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸ਼ਾਨਦਾਰ ਪ੍ਰਾਪਤੀਆਂ ਹਾਸਲ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਸਾਗਰ ਅਤੇ ਅਮਨਦੀਪ ਕੌਰ ਦੀਆਂ ਪ੍ਰਾਪਤੀਆਂ ਸਿਰਫ਼ ਹੁਸ਼ਿਆਰਪੁਰ ਜਾਂ ਪੰਜਾਬ ਲਈ ਹੀ ਮਾਣ ਦੀ ਗੱਲ ਨਹੀਂ ਹਨ, ਸਗੋਂ ਪੂਰੇ ਭਾਰਤ ਲਈ ਬਹੁਤ ਵੱਡੇ ਮਾਣ ਦਾ ਵਿਸ਼ਾ ਹਨ। ਇਨ੍ਹਾਂ ਵਿਸ਼ੇਸ਼ ਖਿਡਾਰੀਆਂ ਨੇ ਅੰਤਰਰਾਸ਼ਟਰੀ ਖੇਡ ਮੰਚ 'ਤੇ ਭਾਰਤ ਦੀ ਨੁਮਾਇੰਦਗੀ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਸਹੀ ਮੌਕੇ, ਸਿਖਲਾਈ ਅਤੇ ਹੌਸਲਾ-ਅਫ਼ਜ਼ਾਈ ਮਿਲਣ 'ਤੇ ਵਿਸ਼ੇਸ਼ ਬੱਚੇ ਵੀ ਕਿਸੇ ਤੋਂ ਘੱਟ ਨਹੀਂ ਹਨ।

ਸ਼੍ਰੀ ਜਿੰਪਾ ਨੇ ਸਾਗਰ ਅਤੇ ਅਮਨਦੀਪ ਕੌਰ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਨੇ ਆਤਮਸੁਖ ਆਤਮਦੇਵ ਆਸ਼ਰਮ ਨੂੰ ਵੀ ਵਧਾਈ ਦਿੱਤੀ, ਜਿਸ ਦੇ ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਮੌਕੇ ਆਤਮਸੁਖ ਆਤਮਦੇਵ ਆਸ਼ਰਮ (ਫਾਰ ਲਿਵਿੰਗ ਗਾਡਜ਼), ਹੁਸ਼ਿਆਰਪੁਰ ਦੇ ਪ੍ਰਧਾਨ ਨੇ ਵਿਧਾਇਕ ਸ਼੍ਰੀ ਬ੍ਰਹਮ ਸ਼ੰਕਰ ਜਿੰਪਾ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਰੁਝੇਵਿਆਂ ਭਰੇ ਕਾਰਜਕ੍ਰਮ ਵਿੱਚੋਂ ਸਮਾਂ ਕੱਢ ਕੇ ਆਸ਼ਰਮ ਦੇ ਵਿਸ਼ੇਸ਼ ਬੱਚਿਆਂ ਵਿਚ ਪਹੁੰਚ ਕੇ ਨਾ ਸਿਰਫ਼ ਉਨ੍ਹਾਂ ਨੂੰ ਸਨਮਾਨਿਤ ਕੀਤਾ, ਸਗੋਂ ਉਨ੍ਹਾਂ ਦਾ ਮਨੋਬਲ ਵਧਾਇਆ ਅਤੇ ਭਵਿੱਖ ਵਿੱਚ ਹੋਰ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਪ੍ਰੇਰਿਤ ਵੀ ਕੀਤਾ।

ਆਸ਼ਰਮ ਦੇ ਪ੍ਰਧਾਨ ਸ਼੍ਰੀ ਨਵਦੀਪ ਸੂਦ ਨੇ ਕਿਹਾ ਕਿ ਸਾਗਰ ਅਤੇ ਅਮਨਦੀਪ ਕੌਰ ਦੀਆਂ ਪ੍ਰਾਪਤੀਆਂ ਸਾਰੇ ਵਿਸ਼ੇਸ਼ ਬੱਚਿਆਂ ਲਈ ਪ੍ਰੇਰਣਾ ਦਾ ਸਰੋਤ ਹਨ ਅਤੇ ਇਹ ਸੁਨੇਹਾ ਦਿੰਦੀਆਂ ਹਨ ਕਿ ਸਹੀ ਮੌਕੇ, ਪਿਆਰ, ਵਿਸ਼ਵਾਸ ਅਤੇ ਹੌਸਲਾ-ਅਫ਼ਜ਼ਾਈ ਨਾਲ ਵਿਸ਼ੇਸ਼ ਬੱਚੇ ਵੀ ਵਿਸ਼ਵ ਮੰਚ 'ਤੇ ਸ਼ਾਨਦਾਰ ਪ੍ਰਾਪਤੀਆਂ ਕਰਕੇ ਭਾਰਤ ਦਾ ਮਾਣ ਵਧਾ ਸਕਦੇ ਹਨ।

ਖ਼ਾਲਸਾ ਕਾਲਜ ਦੇ ਵਿਦਿਆਰਥੀ ਹਰਕੀਰਤ ਸਿੰਘ ਨੇ ਸ਼ਾਟਪੁੱਟ 'ਚ ਜਿੱਤਿਆ ਗੋਲਡ ਮੈਡਲ



ਪੈ.ਗਾਮ-ਏ-ਜਗਤ
ਗੜ੍ਹਸ਼ੰਕਰ (ਹਰੀ ਕ੍ਰਿਸ਼ਨ ਗੰਗੜ)
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਵਿਦਿਆਰਥੀ ਹਰਕੀਰਤ ਸਿੰਘ ਨੇ ਸ਼ਾਟਪੁੱਟ ਵਿਚ ਗੋਲਡ ਮੈਡਲ ਜਿੱਤ ਕੇ ਅਦਾਰੇ ਦਾ ਨਾਮ ਰੌਸ਼ਨ ਕੀਤਾ ਹੈ।

ਐੱਮ.ਏ. ਹਿਸਟਰੀ ਦੂਜਾ ਸਾਲ ਦੇ ਵਿਦਿਆਰਥੀ ਹਰਕੀਰਤ ਸਿੰਘ ਨੇ ਹਾਲ ਹੀ ਵਿਚ ਚੰਡੀਗੜ੍ਹ ਵਿਚ ਕਰਵਾਏ ਗਈ ਚੰਡੀਗੜ੍ਹ ਅਥਲੈਟਿਕਸ ਸਟੇਟ ਮੀਟ ਦੇ ਸ਼ਾਟ ਪੁੱਟ ਅੰਡਰ-23 ਵਰਗ ਵਿਚ ਹਿੱਸਾ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 16.23 ਮੀਟਰ ਦਾ ਸ਼ਾਨਦਾਰ ਥ੍ਰੋ ਕਰਕੇ ਸੋਨ ਤਮਗਾ ਹਾਸਿਲ ਕੀਤਾ ਹੈ। ਹਰਕੀਰਤ ਸਿੰਘ ਨੇ ਇਸ ਪ੍ਰਾਪਤੀ ਨਾਲ ਨੈਸ਼ਨਲ ਪੱਧਰ ਦੇ ਮੁਕਾਬਲੇ ਲਈ ਵੀ ਕੁਆਲੀਫਾਈ ਕਰ ਲਿਆ ਹੈ। ਵਿਦਿਆਰਥੀ ਦੀ ਇਸ ਪ੍ਰਾਪਤੀ 'ਤੇ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਹਰਕੀਰਤ ਸਿੰਘ ਨੂੰ ਵਧਾਈ ਦਿੱਤੀ ਤੇ ਉਸਨੂੰ ਭਵਿੱਖ ਵਿਚ ਹੋਰ ਮਿਹਨਤ, ਲਗਨ ਅਤੇ ਸਮਰਪਣ ਭਾਵਨਾ ਨਾਲ ਖੇਡਾਂ ਦੇ ਖੇਤਰ ਵਿਚ ਨਵੀਆਂ ਉਪਲੱਬਧੀਆਂ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ। ਹਰਕੀਰਤ ਸਿੰਘ ਦਾ ਵਿਸ਼ੇਸ਼ ਸਨਮਾਨ ਕਰਨ ਮੌਕੇ ਪ੍ਰੋ. ਲਖਵਿੰਦਰਜੀਤ ਕੌਰ, ਡਾ. ਮਨਬੀਰ ਕੌਰ, ਡਾ. ਹਰਵਿੰਦਰ ਕੌਰ, ਡਾ. ਅਰਵਿੰਦਰ ਸਿੰਘ, ਪ੍ਰੋ. ਕਿਰਨਜੋਤ ਕੌਰ, ਪ੍ਰੋ. ਸਤਿੰਦਰਜੀਤ ਕੌਰ ਅਤੇ ਪ੍ਰੋ. ਹਰਜੀਤ ਕੌਰ ਹਾਜ਼ਰ ਹੋਏ।

"ਅੱਖਾਂ ਦਾਨ ਕਰੋ-ਕਿਸੇ ਦੀ ਜ਼ਿੰਦਗੀ ਰੌਸ਼ਨ ਕਰੋ"

• ਵਿਸ਼ਵਕਰਮਾ ਮੰਦਰ, ਪਿੰਡ ਥਰੋਲੀ ਵਿਖੇ ਅੱਖਦਾਨ ਜਾਗਰੂਕਤਾ ਸੈਮੀਨਾਰ ਕਰਵਾਇਆ



ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)
ਅੱਖਦਾਨ ਜਾਗਰੂਕਤਾ ਪੰਦਰਵਾੜੇ ਤਹਿਤ ਆਈ ਡੋਨੇਸ਼ਨ ਐਸੋਸੀਏਸ਼ਨ, ਹੁਸ਼ਿਆਰਪੁਰ ਵੱਲੋਂ ਅੱਜ ਵਿਸ਼ਵਕਰਮਾ ਮੰਦਰ, ਪਿੰਡ ਥਰੋਲੀ ਵਿਖੇ ਅੱਖਦਾਨ ਸਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।

ਇਸ ਮੌਕੇ ਐਸੋਸੀਏਸ਼ਨ ਦੀ ਟੀਮ ਵੱਲੋਂ ਹਾਜ਼ਰ ਸੰਗਤ ਨੂੰ ਅੱਖਦਾਨ ਦੀ ਮਹੱਤਤਾ, ਅੱਖਦਾਨ ਦੀ ਪ੍ਰਕਿਰਿਆ ਅਤੇ ਇਸ ਮਹਾਨ ਕਾਰਜ ਰਾਹੀਂ ਨੇਤਰਹੀਣ ਵਿਅਕਤੀਆਂ ਦੇ ਜੀਵਨ ਵਿੱਚ ਰੌਸ਼ਨੀ ਲਿਆਉਣ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਬੁਲਾਰਿਆਂ ਨੇ ਕਿਹਾ ਕਿ ਅੱਖਦਾਨ ਮੌਤ ਤੋਂ ਬਾਅਦ ਵੀ ਮਨੁੱਖਤਾ ਦੀ ਸੇਵਾ ਕਰਨ ਦਾ ਇੱਕ ਮਹਾਨ ਮੌਕਾ ਹੈ। ਇੱਕ ਅੱਖਦਾਨੀ ਦੀਆਂ ਅੱਖਾਂ ਨਾਲ ਦੋ ਲੋੜਵੰਦ ਵਿਅਕਤੀਆਂ ਨੂੰ ਨਜ਼ਰ ਦੀ ਰੌਸ਼ਨੀ ਮਿਲ ਸਕਦੀ ਹੈ। ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਖੁਦ ਅੱਖਦਾਨ ਦਾ ਪ੍ਰਣ ਲੈਣ ਅਤੇ ਆਪਣੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਸਮਾਜ ਦੇ ਹੋਰ ਲੋਕਾਂ ਨੂੰ ਵੀ ਇਸ ਮਹਾਨ ਕਾਰਜ ਲਈ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਕੇ ਹੀ ਅੱਖਾਂ ਦੀ ਰੌਸ਼ਨੀ ਤੋਂ ਵਾਂਝੇ ਵਿਅਕਤੀਆਂ ਨੂੰ ਨਵੀਂ ਉਮੀਦ ਦਿੱਤੀ ਜਾ ਸਕਦੀ ਹੈ।

ਸੈਮੀਨਾਰ ਵਿੱਚ ਸ. ਸੁਰੇਸ਼ ਚੰਦ ਕਪਾਤੀਆ, ਇੰਜੀ. ਬਲਜੀਤ ਸਿੰਘ ਪਨੇਸਰ, ਸ. ਹਰਭਜਨ ਸਿੰਘ, ਸ੍ਰੀਮਤੀ ਸੰਤੋਸ਼ ਸੈਣੀ, ਸ੍ਰੀਮਤੀ ਸੁਰਜਨ ਨੈਨ ਕੌਰ, ਸਰਪੰਚ ਸ੍ਰੀਮਤੀ ਗੀਨਾ ਰਾਣੀ, ਮੁਨੀਸ਼ ਬੱਸੀ ਅਤੇ ਨਿਰਮਲ ਬੱਸੀ ਸਮੇਤ ਹੋਰ ਪਤਵੰਤੇ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ। ਪਿੰਡ ਵਾਸੀਆਂ ਵੱਲੋਂ ਅੱਖਦਾਨ ਜਾਗਰੂਕਤਾ ਲਈ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਗਈ ਅਤੇ ਇਸ ਨੇਕ ਕਾਰਜ ਵਿੱਚ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ। "ਤੁਹਾਡੀਆਂ ਅੱਖਾਂ ਕਿਸੇ ਹੋਰ ਦੀ ਦੁਨੀਆ ਰੌਸ਼ਨ ਕਰ ਸਕਦੀਆਂ ਹਨ—ਅੱਖਦਾਨ ਦਾ ਪ੍ਰਣ ਲਓ।

ਆਈ ਡੋਨੇਸ਼ਨ ਪੰਦਰਵਾੜਾ ਜੀਵਨ ਜਾਗ੍ਰਤੀ ਮੰਚ ਗੜ੍ਹਸ਼ੰਕਰ ਨਾਲ ਮਨਾਇਆ



ਗੜ੍ਹਸ਼ੰਕਰ, 31 ਅਗਸਤ
(ਪੈ.ਗਾਮ-ਏ-ਜਗਤ)
ਰੋਟਰੀ ਆਈ ਬੈਂਕ ਐਂਡ ਕੌਰਨੀਆ ਟਰਾਂਸਪਲਾਂਟ ਸੋਸਾਇਟੀ ਯੂਨਿਟ ਗੜ੍ਹਸ਼ੰਕਰ ਵੱਲੋਂ ਆਈ ਡੋਨੇਸ਼ਨ ਪੰਦਰਵਾੜਾ ਮਨਾਇਆ ਗਿਆ ਇਸ ਮੌਕੇ ਤੇ ਜੀਵਨ ਜਾਗ੍ਰਤੀ ਮੰਚ ਗੜ੍ਹਸ਼ੰਕਰ ਦੇ ਵੱਲੋਂ ਉੱਘੇ ਸਮਾਜ ਸੇਵੀ ਸੰਸਥਾਵਾਂ ਦੇ ਮੁੱਖੀ ਪ੍ਰਿੰਸੀਪਲ ਵਿੱਕਰ ਸਿੰਘ ਜੀ ਨੇ ਦੱਸਿਆ ਕਿ ਰੋਟਰੀ ਆਈ ਬੈਂਕ ਐਂਡ ਕੌਰਨੀਆ ਟਰਾਂਸਪਲਾਂਟ ਸੋਸਾਇਟੀ ਦੇ ਵੱਲੋਂ ਕੀਤੇ ਗਏ ਕੰਮਾ ਦੀ ਸ਼ਲਾਘਾ ਕੀਤੀ ਅਤੇ ਨੇਤਰਦਾਨ ਕਰਨ ਲਈ ਅਪੀਲ ਕੀਤੀ ਗਈ ਕਿ ਹਰ ਇਕ ਇਨਸਾਨ ਨੂੰ ਆਈ ਡੋਨੇਸ਼ਨ ਕਰਨੀ ਚਾਹੀਦੀ ਹੈ। ਸਰੀਰ ਦੀ ਦੋ ਮੁੱਠੀ ਰਾਖ ਕਰਨ ਦੀ ਵਜਾਏ ਦੋ ਨੇਤਰਹੀਣਾ ਨੂੰ ਜ਼ਿੰਦਗੀ ਦਾਨ ਕੀਤਾ ਜਾ ਸਕਦੀ ਹੈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾਕਟਰ ਤਰਸੇਮ ਸਿੰਘ ਜੀ ਨੇ ਨੇਤਰਦਾਨ ਪੰਦਰਵਾੜੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਨਸਾਨ ਦੇ ਕੋਲ ਦੋ ਅੱਖਾਂ ਨੇ ਮਰਨ ਉਪਰੰਤ ਦੋ ਨੇਤਰਹੀਣਾ ਨੂੰ ਜ਼ਿੰਦਗੀ ਦਾਨ ਕੀਤਾ ਜਾ ਸਕਦੀ ਹੈ। ਪ੍ਰਧਾਨ ਡਾਕਟਰ ਲਖਵਿੰਦਰ ਕੁਮਾਰ ਬਿਲੜੋਂ ਨੇ ਕਿਹਾ ਕਿ 4173 ਨੇਤਰਹੀਣ ਲੋਕਾਂ ਨੂੰ ਅੱਜ ਤੱਕ ਕੋਰਨੀਆ ਪਵਾਇਆ ਗਿਆ ਹੈ। ਅਪੀਲ ਕੀਤੀ ਕਿ ਲੋੜਵੰਦ ਜੋਂ ਅੱਖਾਂ ਤੋਂ ਰਹਿਤ ਨੇ ਉਹ ਸ਼ਾਡੀ ਸੰਸਥਾ ਨਾਲ ਸੰਪਰਕ ਕਰੇ ਤਾਂ ਦੋ ਕਿ ਸਮਾਜ ਵਿਚ ਕੋਈ ਨੇਤਰਹੀਣ ਨਾ ਰਹੇ। ਇਸ ਮੌਕੇ ਸੈਕਟਰੀ ਓਂਕਾਰ ਸਿੰਘ ਚਾਹਲਪੁਰੀ ਕਮਲ ਸਿੰਘ ਕਾਮਰੇਡ ਦਰਸ਼ਨ ਸਿੰਘ ਮੱਟੂ ਰਿਟਾਇਰ ਤਹਿਸੀਲ ਹਰੀ ਲਾਲ ਨਫਰੀ ਕਾਮਰੇਡ ਕੁਲਵਿੰਦਰ ਸਿੰਘ ਸੰਘਾ ਦਲਜੀਤ ਸਿੰਘ ਬੈਂਸ ਪ੍ਰੈਸ ਸਕੱਤਰ ਰਮਨ ਕੁਮਾਰ ਕੈਸ਼ੀਅਰ ਰਾਜਨ ਮੱਲਣ ਹਾਜ਼ਰ ਸਨ।

ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਵੱਲੋਂ ਝੋਨੇ ਦੀ ਪਰਾਲੀ ਪ੍ਰਬੰਧਨ ਸਬੰਧੀ ਸਿਖਲਾਈ ਕਰਵਾਈ ਗਈ



ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)
ਪੀ.ਏ.ਯੂ.-ਕ੍ਰਿਸ਼ੀ ਵਿਗਿਆਨ ਕੇਂਦਰ, ਬਾਹੋਵਾਲ, ਹੁਸ਼ਿਆਰਪੁਰ ਵੱਲੋਂ ਮਾਹਿਲਪੁਰ ਬਲਾਕ ਦੇ ਪਿੰਡ ਰਸੂਲਪੁਰ ਦੇ ਕਿਸਾਨਾਂ ਲਈ ਝੋਨੇ ਦੀ ਪਰਾਲੀ ਪ੍ਰਬੰਧਨ ਬਾਬਤ ਪੰਜ ਦਿਨਾਂ ਸਿਖਲਾਈ ਮਿਤੀ 24 ਤੋਂ 31 ਅਗਸਤ, 2026 ਤੱਕ ਲਗਾਈ ਗਈ।ਇਹ ਸਿਖਲਾਈ ਪਿੰਡ ਰਸੂਲਪੁਰ ਤੇ ਕੇ. ਵੀ. ਕੇ. ਵਿਖੇ ਲਗਾਈ ਗਈ।

ਇਸ ਸਿਖਲਾਈ ਦੀ ਸ਼ੁਰੂਆਤ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ ਤੋਂ ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨਿਅਰਿੰਗ) ਡਾ. ਅਜੈਬ ਸਿੰਘ ਨੇ ਪਹੁੰਚੇ ਕਿਸਾਨਾਂ ਨੂੰ ਜੀ ਆਇਆਂ ਕਿਹਾ ਨੇ ਦੱਸ਼ਿਆ ਕਿ ਰਸੂਲਪੁਰ ਪਿੰਡ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਇਸ ਸਾਲ ਪਰਾਲੀ ਪ੍ਰਬੰਧਨ ਮੁਹਿੰਮ ਤਹਿਤ ਅਪਣਾਇਆ ਗਿਆ ਹੈ ਅਤੇ ਜਾਗਰੂਕਤਾ ਕੈਂਪਾਂ, ਸਿਖਲਾਈਆਂ ਤੇ ਪ੍ਰਦਰਸ਼ਨੀਆਂ ਰਾਂਹੀ ਸਮੂਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮੁਕੰਮਲ ਰੂਪ ਵਿੱਚ ਇਸ ਮੁਹਿੰਮ ਨੂੰ ਸਫਲ ਕੀਤਾ ਜਾਵੇਗਾ।ਡਾ. ਅਜੈਬ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕ ਕਰਦੇ ਹੋਏ ਅੱਗ ਲਗਾਉਣ ਦੇ ਰੁਝਾਨ ਨੂੰ ਘਟਾਉਣ ਲਈ ਲਾਮਬੰਦ ਵੀ ਕੀਤਾ ਅਤੇ ਦੱਸਿਆ ਕਿ ਇਸ ਪਿੰਡ ਨੂੰ ਪਹਿਲ ਦੇ ਤੌਰ ਤੇ ਕੇ.ਵੀ.ਕੇ. ਵਿਖੇ ਮੌਜੂਦ ਪਰਾਲੀ ਪ੍ਰਬੰਧਨ ਮਸ਼ੀਨਰੀ ਉਪਲਬਧ ਕਰਵਾਈ ਜਾਵੇਗੀ।ਉਨ੍ਹਾਂ ਨੇ ਝੋਨੇ ਦੀ ਪਰਾਲੀ ਪ੍ਰਬੰਧਨ ਸਬੰਧੀ ਮਸ਼ੀਨਰੀ - ਸੁਪਰ ਐਸ.ਐਮ.ਐਸ., ਸਰਫੇਸ ਸੀਡਰ, ਸਮਾਰਟ ਸੀਡਰ, ਸੁਪਰ ਸੀਡਰ, ਹੈਪੀ ਸੀਡਰ, ਉਲਟਾਵਾਂ ਹੱਲ, ਮਲਚਰ, ਜ਼ੀਰੋ ਡਰਿੱਲ, ਆਦਿ ਦੀ ਉੱਤਮ ਕਾਰਜਕੁਸ਼ਲਤਾ ਸਬੰਧੀ ਪਹਿਲੂਆਂ ਬਾਰੇ ਵੀ ਜਾਣੂੰ ਕਰਵਾਇਆ।

ਇਸ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ ਤੋਂ ਪ੍ਰੋਗਰਾਮ ਸਹਾਇਕ ਸ਼੍ਰੀਮਤੀ ਸੁਨੀਤਾ ਵੀ ਕਿਸਾਨਾਂ ਦੇ ਰੂਬਰੂ ਹੋਏ ਤੇ ਪਰਾਲੀ ਨੂੰ ਜ਼ਮੀਨ ਵਿੱਚ ਰਲਾਉਣ ਦੇ ਫਾਇਦੇ ਤੇ ਪਰਾਲੀ ਵਿੱਚ ਮੌਜੂਦ ਵੱਖ-ਵੱਖ ਤੱਤਾਂ ਦੀ ਮਹਤੱਤਾ ਬਾਰੇ ਦੱਸਿਆ। ਉਨ੍ਹਾਂ ਝੋਨੇ ਦੀ ਪਰਾਲੀ ਦੀ ਬਾਇਉ ਗੈਸ ਪਲਾਂਟ, ਖੁੰਬ ਉਤਪਾਦਨ ਤੇ ਗੱਤਾ ਉਦਯੋਗ ਵਿੱਚ ਅਤੇ ਊਰਜਾ, ਖਾਦ, ਪਸ਼ੂ ਖੁਰਾਕ ਤੇ ਮਲਚ ਵਜੋਂ ਵਰਤੋਂ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।ਕੈਂਪ ਦੇ ਅੰਤ ਵਿੱਚ ਪਿੰਡ ਰਸੂਲਪੁਰ ਦੇ ਸਰਪੰਚ ਅਮਰਜੀਤ ਸਿੰਘ ਨੇ ਝੋਨੇ ਦੀ ਪਰਾਲੀ ਪ੍ਰਬੰਧਨ ਬਾਬਤ ਆਪਣੇ ਵਿਚਾਰ ਤੇ ਤਜਰਬੇ ਕਿਸਾਨਾਂ ਨਾਲ ਸਾਂਝੇ ਕੀਤੇ ਅਤੇ ਪਰਾਲੀ ਨੂੰ ਅੱਗ ਨਾ ਲਾਉਣ ਦੇ ਇਸ ਨੇਕ ਕੰਮ ਵਿੱਚ ਸਮੂਹ ਪਿੰਡ ਵਾਸੀਆਂ ਦੇ ਪੂਰਨ ਸਹਿਯੋਗ ਦਾ ਭਰੋਸਾ ਵੀ ਦਿੱਤਾ।

ਸਹਾਇਤਾ ਪ੍ਰਾਪਤ ਸਕੂਲਾਂ ਵੱਲੋਂ 5 ਸਤੰਬਰ ਨੂੰ ਮਨਾਇਆ ਜਾਵੇਗਾ 'ਕਾਲਾ ਅਧਿਆਪਕ ਦਿਵਸ'



ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)
ਅਧਿਆਪਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਜਾਇਜ਼ ਮੰਗਾਂ ਦਾ ਹੱਲ ਨਾ ਹੋਣ ਦੇ ਰੋਸ ਵਜੋਂ ਯੂਨੀਅਨ ਦੀ ਹੁਸ਼ਿਆਰਪੁਰ ਇਕਾਈ ਵੱਲੋਂ 5 ਸਤੰਬਰ ਨੂੰ 'ਕਾਲਾ ਅਧਿਆਪਕ ਦਿਵਸ' ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਯੂਨੀਅਨ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਪ੍ਰਿੰਸੀਪਲ ਸੁੱਖ ਇੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਤੋਂ ਅਧਿਆਪਕਾਂ ਅਤੇ ਯੂਨੀਅਨ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਪ੍ਰਿੰਸੀਪਲ ਸੁਖਇੰਦਰ ਸਿੰਘ ਬੱਡੋਂ ਅਤੇ ਸਕੱਤਰ ਪ੍ਰਿੰਸੀਪਲ ਨੀਰਜ ਘਈ ਨੇ ਕਿਹਾ ਕਿ ਅਧਿਆਪਕ ਵਰਗ ਆਪਣੀਆਂ ਮੰਗਾਂ ਨੂੰ ਲੈ ਕੇ ਲੰਬੇ ਸਮੇਂ ਤੋਂ ਸਰਕਾਰ ਨਾਲ ਸੰਪਰਕ ਕਰ ਰਿਹਾ ਹੈ, ਪਰ ਸਰਕਾਰ ਵੱਲੋਂ ਮੰਗਾਂ ਦੇ ਹੱਲ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਉਨ੍ਹਾਂ ਕਿਹਾ ਕਿ ਅਧਿਆਪਕਾਂ ਦੀਆਂ ਜਾਇਜ਼ ਮੰਗਾਂ ਪ੍ਰਤੀ ਸਰਕਾਰ ਦੀ ਅਣਦੇਖੀ ਕਾਰਨ ਅਧਿਆਪਕ ਵਰਗ ਵਿੱਚ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 5 ਸਤੰਬਰ ਨੂੰ ਅਧਿਆਪਕ ਦਿਵਸ ਮੌਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਮੂਹ ਸਟਾਫ ਮੈਂਬਰ ਕਾਲੇ ਬੈਜ ਲਗਾ ਕੇ ਅਤੇ ਕਾਲੇ ਕੱਪੜੇ ਪਾ ਕੇ 'ਕਾਲਾ ਅਧਿਆਪਕ ਦਿਵਸ' ਮਨਾਉਣਗੇ। ਇਸ ਰਾਹੀਂ ਸਰਕਾਰ ਨੂੰ ਅਧਿਆਪਕਾਂ ਦੀਆਂ ਮੰਗਾਂ ਤੁਰੰਤ ਹੱਲ ਕਰਨ ਦਾ ਸੰਦੇਸ਼ ਦਿੱਤਾ ਜਾਵੇਗਾ।

ਮੀਟਿੰਗ ਵਿੱਚ ਖਜਾਨਚੀ ਬਲਕਾਰ ਸਿੰਘ, ਪ੍ਰਿੰਸੀਪਲ ਸੁਖਵਿੰਦਰ ਸਿੰਘ, ਵਾਈਸ ਪ੍ਰਿੰਸੀਪਲ ਬ੍ਰਿਜ ਮਨੀ ਮਹੇਸ਼ ਪਾਲਦੀ, ਪ੍ਰਿੰਸੀਪਲ ਅਨਿਲ ਹਾਂਡਾ ਬੱਸੀ ਦੌਲਤ ਖਾਨ, ਸਰਬਜੀਤ ਸਿੰਘ ਮੰਜ ਠੱਕਰਵਾਲ, ਪ੍ਰਿੰਸੀਪਲ ਕਮਲਜੀਤ ਸਿੰਘ ਬੁੱਲੋਵਾਲ, ਰਾਜੀਵ ਕੁਮਾਰ, ਪ੍ਰਿੰਸੀਪਲ ਸੁਨੀਲ ਦੱਤ ਗੜ੍ਹਦੀਵਾਲਾ ਅਤੇ ਪ੍ਰਿੰਸੀਪਲ ਅਰਵਿੰਦਰ ਕੌਰ ਗੜ੍ਹਦੀਵਾਲਾ ਸਮੇਤ ਜ਼ਿਲ੍ਹਾ ਹੁਸ਼ਿਆਰਪੁਰ ਦੇ ਮੈਂਬਰ ਹਾਜ਼ਰ ਸਨ। ਯੂਨੀਅਨ ਆਗੂਆਂ ਨੇ ਸਮੂਹ ਅਧਿਆਪਕਾਂ ਨੂੰ 5 ਸਤੰਬਰ ਦੇ ਰੋਸ ਪ੍ਰੋਗਰਾਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

ਪ੍ਰਸਿੱਧ ਤਪੱਸਵੀ ਸੰਤ ਮਹਾਂ ਦਾਸ ਦੇ ਜਨਮ ਦਿਵਸ ਸਮਾਗਮ ਅੱਜ ਸਹਰੀ : ਸੰਤ ਬਲਵੀਰ ਦਾਸ ਵਿਖੇ ਹੋਣਗੇ



ਪੈ.ਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)
ਮਹਾਨ ਤਪੱਸਵੀ ਅਤੇ *ਬ੍ਰਾਹਮਲੀਨ* (ਜੋ ਬ੍ਰਹਮ ਵਿੱਚ ਅਭੇਦ ਹੋ ਗਏ ਹਨ) ਸ਼੍ਰੀ 108 ਸੰਤ ਮਹਾਂ ਦਾਸ ਜੀ ਦੇ ਜਨਮ ਦਿਵਸ ਸਮਾਗਮ ਡੇਰਾ ਮਹਾਨਪੁਰੀ, ਸਹਰੀ ਵਿਖੇ ਸ਼ਰਧਾ ਨਾਲ ਮਨਾਏ ਜਾਣਗੇ। ਇਹ ਸਮਾਗਮ ਮੌਜੂਦਾ ਮੁਖੀ ਸੰਤ ਬਲਵੀਰ ਦਾਸ ਜੀ ਦੀ ਰਹਿਨੁਮਾਈ ਹੇਠ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ (*ਸੰਗਤ*) ਦੀ ਸ਼ਮੂਲੀਅਤ ਨਾਲ ਹੋਵੇਗਾ।

ਜਸ਼ਨਾਂ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਸੰਤ ਬਲਵੀਰ ਦਾਸ ਨੇ ਦੱਸਿਆ ਕਿ *ਸ੍ਰੀ ਅਖੰਡ ਪਾਠ ਸਾਹਿਬ* (ਪਵਿੱਤਰ ਗ੍ਰੰਥ ਦਾ ਨਿਰੰਤਰ ਪਾਠ) ਐਤਵਾਰ, 30 ਅਗਸਤ ਨੂੰ ਆਯੋਜਿਤ ਕੀਤਾ ਜਾਵੇਗਾ। ਮੰਗਲਵਾਰ, 1 ਸਤੰਬਰ ਨੂੰ, ਭੋਗ ਸਮਾਰੋਹ ਅਤੇ ਸਾਰਿਆਂ ਦੇ ਭਲੇ ਲਈ *ਅਰਦਾਸ* (*ਸਰਬੱਤ ਦਾ ਭਲਾ*) ਤੋਂ ਬਾਅਦ, ਇੱਕ ਵਿਸ਼ਾਲ *ਕੀਰਤਨ* ਸਮਾਗਮ ਹੋਵੇਗਾ। ਇਸ ਸਮਾਗਮ ਦੌਰਾਨ, *ਰਾਗੀ*, *ਢਾਡੀ*, *ਕਵੀਸ਼ਰ*, ਵਿਦਵਾਨ ਅਤੇ ਉੱਘੇ ਬੁਲਾਰੇ - ਪੰਜਾਬ ਦੇ ਵੱਖ-ਵੱਖ *ਡੇਰਿਆਂ* ਅਤੇ ਸੰਪਰਦਾਵਾਂ ਦੇ ਸੰਤਾਂ ਦੇ ਨਾਲ-ਨਾਲ ਸਮਾਜਿਕ ਅਤੇ ਰਾਜਨੀਤਿਕ ਨੇਤਾ ਅਤੇ ਬੁੱਧੀਜੀਵੀ - ਧਾਰਮਿਕ ਪ੍ਰਵਚਨ ਅਤੇ *ਕੀਰਤਨ* (ਭਗਤੀ ਗਾਇਨ) ਰਾਹੀਂ ਸੰਗਤ ਨੂੰ ਅਧਿਆਤਮਿਕ ਤੌਰ 'ਤੇ ਪੋਸ਼ਣ ਅਤੇ ਉੱਚਾ ਚੁੱਕਣਗੇ। ਸੰਤ ਬਲਵੀਰ ਦਾਸ ਨੇ ਦੇਸ਼-ਵਿਦੇਸ਼ ਤੋਂ ਸ਼ਰਧਾਲੂਆਂ ਨੂੰ ਇਸ ਜਸ਼ਨ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ, ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਚਾਹ, *ਪਕੌੜੇ* ਅਤੇ *ਗੁਰੂ ਕਾ ਲੰਗਰ* (ਸਮੁਦਾਇਕ ਰਸੋਈ) ਨਿਰੰਤਰ ਵਰਤਾਇਆ ਜਾਵੇਗਾ। ਇਸ ਮੌਕੇ ਸੰਤ ਸਤਵਿੰਦਰ ਹੀਰਾ (ਰਾਸ਼ਟਰੀ ਪ੍ਰਧਾਨ, ਆਲ ਇੰਡੀਆ ਆਦਿ ਧਰਮ ਮਿਸ਼ਨ), ਮਹੰਤ ਪ੍ਰਸ਼ੋਤਮ ਲਾਲ ਚੱਕ, ਹਕੀਮ ਸਹਾਇਕ, ਕੈਸ਼ੀਅਰ, ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਦੇ ਨੁਮਾਇੰਦੇ ਅਤੇ ਸੰਗਤ ਦੇ ਕਈ ਮੈਂਬਰ ਮੌਜੂਦ ਸਨ।

ਨਸ਼ਾ ਤਸਕਰਾਂ, ਰਾਜਨੀਤਕ ਅਤੇ ਪੁਲਿਸ ਦੇ ਗੱਠਜੋੜ ਵਿਰੁੱਧ ਲੋਕ ਲਹਿਰ ਉਸਾਰਣ ਦਾ ਜਥੇਬੰਦੀਆਂ ਵਲੋਂ ਸੱਦਾ

• ਕਮਲਜੀਤ ਸਾਜਨ 'ਤੇ ਹੋਏ ਹਮਲੇ ਦੇ ਦੋਸ਼ੀਆਂ ਦੀ ਮੰਗੀ ਗ੍ਰਿਫਤਾਰੀ, 18 ਮੈਂਬਰੀ ਕਮੇਟੀ ਦਾ ਗਠਨ



ਪੈ.ਗਾਮ-ਏ-ਜਗਤ
ਨਵਾਂਸ਼ਹਿਰ 31 ਅਗਸਤ
(ਗੁਰਬਖਸ਼ ਸਿੰਘ ਮਹੇ)
ਪਿੰਡ ਔੜ ਦੇ ਨਸ਼ਾ ਤਸਕਰਾਂ ਖਿਲਾਫ ਧਰਨੇ ਤੇ ਬੈਠੇ ਕਮਲਜੀਤ ਸਾਜਨ ਉੱਪਰ ਕਥਿਤ ਨਸ਼ਾ ਤਸਕਰਾਂ ਵੱਲੋਂ ਕੀਤੇ ਗਏ ਕਾਤਲਾਨਾ ਹਮਲੇ ਦੇ ਵਿਰੋਧ ਅਤੇ ਪਿੰਡ ਵਿੱਚ ਨਸ਼ਿਆਂ ਦੇ ਕਾਰੋਬਾਰ ਨੂੰ ਠੱਲ ਪਾਉਣ ਲਈ ਅੱਜ ਸੀਪੀਆਈ(ਐੱਮਐੱਲ) ਨਿਊ ਡੈਮੋਕਰੈਸੀ ਦੀ ਅਗਵਾਈ ਹੇਠ ਪਿੰਡ ਔੜ ਵਿਖੇ ਇੱਕ ਵੱਡੀ ਮੀਟਿੰਗ ਕੀਤੀ ਗਈ ।

ਮੀਟਿੰਗ ਵਿੱਚ ਇਲਾਕੇ ਦੇ ਲੋਕਾਂ, ਹੋਰ ਪਤਵੰਤੇ ਸੱਜਣਾਂ ਤੋਂ ਇਲਾਵਾ ਪਾਰਟੀ ਆਗੂਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਪੀਆਈ(ਐੱਮਐੱਲ) ਨਿਊ ਡੈਮੋਕਰੇਸੀ ਦੇ ਆਗੂ ਕੁਲਵਿੰਦਰ ਸਿੰਘ ਵੜੈਚ ਅਤੇ ਦਲਜੀਤ ਸਿੰਘ ਐਡਵੋਕੇਟ, ਸੀ ਪੀ ਆਈ ਐਮ ਦੇ ਜਿਲਾ ਸਕੱਤਰ ਚਰਨਜੀਤ ਸਿੰਘ ਦੌਲਤ ਪੁਰ, ਆਰ ਐਮ ਪੀ ਆਈ ਦੇ ਜਿਲਾ ਸਕੱਤਰ ਕੁਲਦੀਪ ਸਿੰਘ ਦੌੜਕਾ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਭੁਪਿੰਦਰ ਸਿੰਘ ਵੜੈਚ ਨੇ ਕਿਹਾ ਕਿ 19 ਅਗਸਤ ਰਾਤ ਨੂੰ ਧਰਨੇ ਤੇ ਬੈਠੇ ਕਮਲਜੀਤ ਸਾਜਨ ਉੱਪਰ ਹਮਲਾ ਕਰਕੇ ਉਸ ਦੀਆਂ ਲੱਤਾਂ ਅਤੇ ਬਾਹਾਂ ਤੋੜ ਦਿੱਤੀਆਂ ਗਈਆਂ। ਉਨ ਕਿਹਾ ਕਿ ਇਸ ਗੰਭੀਰ ਘਟਨਾ ਦੇ ਬਾਵਜੂਦ ਪੁਲਿਸ ਵੱਲੋਂ ਕਥਿਤ ਦੋਸ਼ੀਆਂ ਖ਼ਿਲਾਫ਼ ਅਜੇ ਤੱਕ ਲੋੜੀਂਦੀ ਕਾਰਵਾਈ ਨਾ ਕੀਤੇ ਜਾਣ ਕਾਰਨ ਲੋਕਾਂ ਵਿੱਚ ਰੋਸ ਹੈ।ਬੁਲਾਰਿਆਂ ਨੇ ਕਿਹਾ ਕਿ ਨਸ਼ਿਆਂ ਦਾ ਫੈਲਾਅ ਸਿਰਫ਼ ਨੌਜਵਾਨਾਂ ਦੀ ਜ਼ਿੰਦਗੀ ਨੂੰ ਤਬਾਹ ਨਹੀਂ ਕਰ ਰਿਹਾ, ਸਗੋਂ ਇਸ ਨਾਲ ਪਿੰਡਾਂ ਦੇ ਸਮਾਜਿਕ ਮਾਹੌਲ 'ਤੇ ਵੀ ਗੰਭੀਰ ਪ੍ਰਭਾਵ ਪੈ ਰਿਹਾ ਹੈ। ਜਥੇਬੰਦੀਆਂ ਦੇ ਹੋਏ ਇਸ ਇਕੱਠ ਦੌਰਾਨ ਨਸ਼ਾ ਤਸਕਰਾਂ, ਰਾਜਨੀਤਕ ਅਤੇ ਪੁਲਿਸ ਦੇ ਗੱਠਜੋੜ ਵਿਰੁੱਧ ਲੋਕ ਲਹਿਰ ਉਸਾਰਣ ਦਾ ਸੱਦਾ ਦਿੱਤਾ ਗਿਆ ਤਾਂ ਕਿ ਥੋਕ ਦੇ ਵਿਚ ਹੋ ਰਹੀ ਨਸ਼ਾ ਤਸਕਰੀ ਨੂੰ ਨੱਥ ਪਾਕੇ ਨੌਜਵਾਨੀ ਨੂੰ ਬਚਾਇਆ ਜਾ ਸਕੇ। ਆਗੂਆਂ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਕਮਲਜੀਤ ਸਾਜਨ 'ਤੇ ਹਮਲੇ ਦੇ ਮਾਮਲੇ ਵਿੱਚ ਮੁਲਜ਼ਮਾਂ ਖ਼ਿਲਾਫ਼ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਪਿੰਡ ਔੜ ਵਿੱਚ ਨਸ਼ਾ ਵੇਚਣ ਵਾਲੇ ਵਿਅਕਤੀਆਂ ਦੀ ਨਿਸ਼ਾਨਦੇਹੀ ਕਰਕੇ ਉਨ ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਉਨ ੍ਹਾਂ ਕਿਹਾ ਕਿ ਨਸ਼ਾ ਤਸਕਰੀ ਵਿਰੁੱਧ ਇਲਾਕਾ ਪੱਧਰ 'ਤੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ।ਮੀਟਿੰਗ ਦੌਰਾਨ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਔੜ ਅਤੇ ਆਸ-ਪਾਸ ਦੇ ਇਲਾਕੇ ਵਿੱਚ ਨਸ਼ਿਆਂ ਦੇ ਖ਼ਿਲਾਫ਼ ਇੱਕ ਵੱਡਾ ਲੋਕ ਅੰਦੋਲਨ ਖੜ੍ਹਾ ਕੀਤਾ ਜਾਵੇਗਾ। ਮੀਟਿੰਗ ਵਿੱਚ 18 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦੀ ਅਗਵਾਈ ਵਿੱਚ ਨਸ਼ਾ ਤਸਕਰੀ ਵਿਰੁੱਧ ਅਤੇ ਕਮਲਜੀਤ ਸਾਜਨ ਦੇ ਹਮਲਾਵਰਾਂ ਵਿਰੁੱਧ ਕਾਰਵਾਈ ਕਰਾਉਣ ਲਈ ਸੰਘਰਸ਼ ਲੜਿਆ ਜਾਵੇਗਾ। ਕਮਲਜੀਤ ਸਾਜਨ ਦੇ ਮਾਮਲੇ ਵਿਚ 3 ਸਤੰਬਰ ਨੂੰ ਐਸ ਐਸ ਪੀ ਸ਼ਹੀਦ ਭਗਤ ਸਿੰਘ ਨਗਰ ਨੂੰ ਇਕ ਵਫਦ ਮਿਲੇਗਾ ਅਤੇ ਦੋਸ਼ੀਆਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕਰੇਗਾ। ਦਲਜੀਤ ਸਿੰਘ ਐਡਵੋਕੇਟ, ਮੋਹਨ ਸਿੰਘ, ਚਰਨਜੀਤ ਸਿੰਘ, ਸੁਰਿੰਦਰ ਸਿੰਘ, ਅਵਤਾਰ ਸਿੰਘ, ਭੁਪਿੰਦਰ ਸਿੰਘ ਵੜੈਚ, ਕਸ਼ਮੀਰਾ ਸਿੰਘ ਬੇਗੋਵਾਲ, ਸੁਖਦੇਵ ਸਿੰਘ ਗਰਚਾ, ਸੁਰਿੰਦਰ ਸਿੰਘ ਮਹਿਰਮਪੁਰ, ਨਿਰਮਲ ਸਿੰਘ, ਕਮਲਜੀਤ ਸਾਜਨ, ਪਰਸ਼ੋਤਮ ਸ਼ੇਤੀ, ਮਨੋਹਰ ਲਾਲ ਮੱਲਾ ਬੇਦੀਆਂ, ਅਮਰਜੀਤ ਸਿੰਘ ਗੜ੍ਹਪੜ, ਬੂਟਾ ਸਿੰਘ ਮਹਿਮੂਦਪੁਰ, ਕ੍ਰਿਸ਼ਨ ਕੁਮਾਰ ਬੇਗੋਵਾਲ, ਸ਼ਵਿੰਦਰ ਸਿੰਘ ਔੜ, ਕਮਲਜੀਤ ਸਰਪੰਚ ਔੜ ਅਤੇ ਹਰਪਾਲ ਸਿੰਘ ਜਗਤਪੁਰ ਇਸ ਕਮੇਟੀ ਦੇ ਮੈਂਬਰ ਬਣੇ। ਇਸ ਮੌਕੇ, ਹਰਪਾਲ ਸਿੰਘ ਜਗਤਪੁਰ,ਸ਼ਕੁੰਤਲਾ ਸਰੋਏ, ਹਰੀ ਰਾਮ ਰਸੂਲਪੁਰੀ ਨੇ ਵੀ ਵਿਚਾਰ ਪ੍ਰਗਟ ਕੀਤੇ।

ਮੁਲਾਜ਼ਮਾਂ ਦੀਆਂ ਆਰਥਿਕ ਚੁਣੌਤੀਆਂ 'ਤੇ ਜਾਗਰੂਕਤਾ ਇਕੱਤਰਤਾ



ਪਟਿਆਲਾ, 31 ਅਗਸਤ
(ਪੈ.ਗਾਮ-ਏ-ਜਗਤ)
ਬੀਤੇ ਦਿਨੀ ਇੱਥੇ ਰਾਜਪੁਰਾ ਕਾਲੋਨੀ ਵਿਖੇ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਦੇ ਮੁੱਖ ਦਫਤਰ ਵਿਖੇ ਸ੍ਰੀ ਦਰਸ਼ਨ ਸਿੰਘ ਲੁਬਾਣਾ ਯੂਨੀਅਨ ਦੇ ਸੂਬਾਈ ਪ੍ਰਧਾਨ ਵਲੋਂ ਯੂਨੀਅਨ ਦੇ ਜਿਲਾ ਪਟਿਆਲਾ ਦੇ ਆਗੂਆਂ ਅਤੇ ਸਰਗਰਮ ਵਰਕਰਾਂ ਤੇ ਆਧਾਰਤ ਇੱਕ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਜਿਸ ਵਿੱਚ ਕਰਮਚਾਰੀਆਂ ਦੇ ਸਾਹਮਣੇ ਵਰਤਮਾਨ ਸਮੇਂ ਵਿੱਚ ਆਰਥਕ ਚੁਣੌਤੀਆਂ ਦੇ ਕਾਰਨ ਅਤੇ ਹੱਲ ਵਿਸ਼ੇ ਤੇ ਸ੍ਰੀ ਨਿਰਮਲ ਸਿੰਘ ਧਾਲੀਵਾਲ ਜਨਰਲ ਸਕਤਰ, ਪੰਜਾਬ ਏਟਕ ਵਲੋਂ ਵਿਸਥਾਰ ਵਿੱਚ ਲੈਕਚਰ ਦਿੱਤਾ ਗਿਆ। ਇਸ ਵਿਸ਼ੇ ਤੇ ਬੋਲਦਿਆਂ ਧਾਲੀਵਾਲ ਨੇ ਦੱਸਿਆ ਕਿ ਜਦੋਂ ਤੋਂ ਦੇਸ਼ ਦੀਆਂ ਸਰਕਾਰਾਂ ਨੇ ਉਦਾਰੀਕਰਨ, ਸੰਸਾਰੀਕਰਨ ਅਤੇ ਨਿਜੀਕਰਨ ਦੀਆਂ ਨੀਤੀਆਂ ਅਪਣਾਈਆਂ ਹਨ ਉਸੇ ਸਮੇਂ ਤੋਂ ਦੇਸ਼ ਦੀ ਧਨ ਦੌਲਤ ਦੀ ਲੁੱਟ ਦਾ ਰਾਹ ਸਰਮਾਏਦਾਰਾਂ ਲਈ ਪੱਧਰਾ ਕਰ ਦਿਤਾ ਅਤੇ ਇਹ ਲੁੱਟ ਖਸੁੱਟ ਹੁਣ ਸਿਖਰਾਂ ਤੇ ਪੁੱਜ ਗਈ ਹੈ। ਇਸ ਲੁੱਟ ਦਾ ਅਸਰ ਸਾਡੇ ਸਮਾਜ ਦੇ ਮਿਹਨਤਕਸ਼ ਤਬਕਿਆਂ ਤੇ, ਨੌਕਰੀ ਸ਼ੁਦਾ ਵੇਤਨ ਭੋਗੀ ਕਰਮਚਾਰੀਆਂ ਉਪਰ, ਕਿਸਾਨਾ— ਮਜਦੂਰਾਂ, ਸਨਅਤੀ ਵਰਕਰਾਂ, ਬੇਰੁਜਗਾਰਾਂ ਆਦਿ ਸਭ ਦੀ ਆਰਥਿਕ ਲੁੱਟ ਦੇ ਰੂਪ ਵਿੱਚ ਪੈ ਰਿਹਾ ਹੈ। ਸਾਡੀਆਂ ਸਰਕਾਰਾਂ ਨੇ ਕਾਰਪੋਰੇਟਾਂ ਦੇ ਵੱਡੇ ਮੁਨਾਫਿਆਂ ਦੀ ਪੂਰਤੀ ਲਈ ਨੀਤੀਆਂ ਵਿੱਚ ਅਨੇਕਾ ਬਦਲਾਅ ਕਰਦਿਆਂ ਲੇਬਰ ਕਾਨੂੰਨ ਖਤਮ ਕਰ ਦਿੱਤੇ, ਠੇਕੇਦਾਰੀ ਅਤੇ ਆਊਟ ਸੋਰਸ ਸਿਸਟਮ ਲਾਗੂ ਕਰਕੇ ਪੱਕੀਆਂ ਨੌਕਰੀਆ ਦਾ ਲਗਭਗ ਖਾਤਮਾਂ ਕਰ ਦਿੱਤਾ ਗਿਆ। ਮਾਮੂਲੀ ਤਨਖਾਹਾਂ ਬਦਲੇ ਸਿੱਖਿਅਤ ਅਤੇ ਪੜ੍ਹੇ ਲਿਖੇ ਨੌਜਵਾਨਾਂ ਦਾ ਆਰਥਕ ਸ਼ੋਸ਼ਣ ਬੇਕਿਰਕੀ ਨਾਲ ਕੀਤਾ ਜਾ ਰਿਹਾ ਹੈ ਅਤੇ ਸਰਵਿਸ ਸਕਿਊਰਟੀ ਪੂਰੀ ਤਰ੍ਹਾਂ ਖਤਮ ਕਰ ਦਿੱਤੀ, ਪੈਨਸ਼ਨ ਖਤਮ ਕਰ ਦਿੱਤੀ, ਉਜਰਤਾ ਜਾਮ ਕੀਤੀਆਂ ਜਾਂਦੀਆਂ ਹਨ ਜਿਵੇਂ ਕਿ ਪੰਜਾਬ ਸਰਕਾਰ ਮੁਲਾਜਮਾਂ ਨੂੰ ਡੀ.ਏ. ਦੇਣ ਤੋਂ ਮੁਨਕਰ ਹੋ ਗਈ ਹੈ। ਮੁਲਾਜਮਾਂ ਦੀ ਗਿਣਤੀ ਘਟਾਕੇ ਕੰਮ ਭਾਰ ਵਧਾਇਆ ਜਾ ਰਿਹਾ ਹੈ। ਦੇਸ਼ ਦਾ ਪਬਲਿਕ ਸੈਕਟਰ ਖਤਮ ਕਰ ਦਿੱਤਾ ਗਿਆ, ਵਿਦਿਆ ਦਾ ਵਪਾਰੀਕਰਨ ਕਰ ਦਿੱਤਾ ਗਿਆ ਹੈ। ਅੱਜ ਕਾਰਪੋਰੇਟਾਂ ਵਲੋਂ ਦੇਸ਼ ਨੂੰ ਲੁੱਟਕੇ ਅਥਾਹ ਦੌਲਤ ਇਕੱਠੀ ਕਰ ਲਈ ਹੈ।

ਇਹ ਸਾਰੀ ਲੁੱਟ ਆਮ ਲੋਕਾਂ ਦੇ ਆਰਥਕ ਸ਼ੋਸ਼ਣ ਦੇ ਰੂਪ ਵਿੱਚ ਹੀ ਕੀਤੀ ਜਾਂਦੀ ਹੈ। ਪਰ ਸਰਕਾਰ ਆਮ ਲੋਕਾਂ ਨੂੰ ਆਪਸ ਵਿੱਚ ਜਾਤਾਂ—ਪਾਤਾਂ, ਫਿਰਕਾਪ੍ਰਸਤੀ, ਇਲਾਕਾਵਾਦ ਆਦਿ ਦੇ ਅਧਾਰ ਤੇ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਣਾਕੇ ਇਸ ਲੁੱਟ ਨੂੰ ਜਾਰੀ ਰੱਖ ਰਹੀ ਹੈ। ਜਿਸ ਨਾਲ ਸਾਡੀਆਂ ਮੁਸ਼ਕਲਾਂ ਹਰ ਦਿਨ ਵਧਦੀਆਂ ਜਾ ਰਹੀਆਂ ਹਨ। ਇਸ ਲੁੱਟ ਨੂੰ ਰੋਕਣ ਲਈ ਜੀਵਨ ਨੂੰ ਬਿਹਤਰ ਬਣਾਉਣ ਲਈ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਰੋਕਣ ਲਈ ਜਾਗਰੂਕਤਾ ਅਤੇ ਸੰਘਰਸ਼ ਹੀ ਇੱਕ ਰਸਤਾ ਹੈ। ਇਸ ਮੌਕੇ ਧਾਲੀਵਾਲ ਜੀ ਦਾ ਸਨਮਾਨ ਵੀ ਕੀਤਾ ਗਿਆ।

'ਪੈਗਾਮ-ਏ-ਜਗਤ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਮੁਹਾਲੀ (ਚੰਡੀਗੜ੍ਹ) ਕੋਰਟ ਵਿੱਚ ਹੀ ਹੋਵੇਗਾ। ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। -ਸੰਪਾਦਕ, ਪੈਗਾਮ-ਏ-ਜਗਤ

ਰਾਸ਼ਟਰ ਨਿਰਮਾਣ ਵਿੱਚ ਨੌਜਵਾਨਾਂ ਦੀ ਭੂਮਿਕਾ ਅਹਿਮ, ਪੰਚ ਪਰਿਵਰਤਨ ਨਾਲ ਹੋਵੇਗਾ ਸਮਾਜ ਪਰਿਵਰਤਨ : ਚਰਨਜੀਤ

ਪੈ.ਗਾਮ-ਏ-ਜਗਤ
ਹਾਂਸੀ (ਦਿਨਕਰ ਗਾਵੜੀ)



ਰਾਸ਼ਟਰੀ ਸਵੈਮ ਸੇਵਕ ਸੰਘ ਵੱਲੋਂ ਐਤਵਾਰ ਨੂੰ ਪ੍ਰਿਥਵੀਰਾਜ ਚੌਹਾਨ ਉਪਨਗਰ ਦੇ ਤੱਤਵਾਵਧਾਨ ਵਿੱਚ ਸਰਕਾਰੀ ਕਾਲਜ, ਹਾਂਸੀ ਵਿਖੇ ਯੁਵਾ ਸੰਮੇਲਨ ਦਾ ਆਯੋਜਨ ਕੀਤਾ ਗਿਆ। ਦੁਪਹਿਰ 3:30 ਵਜੇ ਤੋਂ ਸ਼ਾਮ 7 ਵਜੇ ਤੱਕ ਚੱਲੇ ਇਸ ਸੰਮੇਲਨ ਵਿੱਚ ਨਗਰ ਦੇ ਨੌਜਵਾਨ ਵਿਦਿਆਰਥੀ, ਨੌਜਵਾਨ ਵਪਾਰੀ ਅਤੇ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰ ਰਹੇ ਨੌਜਵਾਨਾਂ ਨੇ ਭਾਗ ਲਿਆ। ਪ੍ਰੋਗਰਾਮ ਵਿੱਚ ਨੌਜਵਾਨਾਂ ਦੇ ਸਰੀਰਕ, ਬੌਧਿਕ ਅਤੇ ਚਾਰਿੱਤਰਕ ਵਿਕਾਸ ਨਾਲ ਜੁੜੇ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਗਏ।

ਸੰਮੇਲਨ ਵਿੱਚ ਵਿਚਾਰਧਾਰਕ ਪ੍ਰਬੋਧਨ ਲਈ ਸੰਵਾਦ ਸੈਸ਼ਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 'ਰਾਸ਼ਟਰ ਨਿਰਮਾਣ ਵਿੱਚ ਨੌਜਵਾਨਾਂ ਦੀ ਭੂਮਿਕਾ' ਅਤੇ 'ਪੰਚ ਪਰਿਵਰਤਨ ਨਾਲ ਸਮਾਜ ਪਰਿਵਰਤਨ' ਵਿਸ਼ਿਆਂ 'ਤੇ ਨੌਜਵਾਨਾਂ ਨੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

ਪੰਚ ਪਰਿਵਰਤਨ ਦੇ ਪੰਜ ਵਿਸ਼ਿਆਂ 'ਤੇ ਹੋਇਆ ਮੰਥਨ

ਸੰਵਾਦ ਸੈਸ਼ਨ ਵਿੱਚ ਪੰਚ ਪਰਿਵਰਤਨ ਦੇ ਪੰਜ ਪ੍ਰਮੁੱਖ ਵਿਸ਼ਿਆਂ—ਕੁਟੁੰਬ ਪ੍ਰਬੋਧਨ, ਸਮਾਜਿਕ ਸਦਭਾਵਨਾ, ਵਾਤਾਵਰਣ, ਸਵੈ ਦੀ ਬੋਧ ਅਤੇ ਨਾਗਰਿਕ ਕਰਤੱਵ—'ਤੇ ਚਰਚਾ ਹੋਈ। ਕੁਟੁੰਬ ਪ੍ਰਬੋਧਨ ਦੇ ਤਹਿਤ ਨੌਜਵਾਨਾਂ ਨੇ ਸੰਯੁਕਤ ਪਰਿਵਾਰ ਦੇ ਮਹੱਤਵ ਅਤੇ ਵਰਤਮਾਨ ਸਮੇਂ ਵਿੱਚ ਇਸ ਦੀ ਵੱਧ ਰਹੀ ਲੋੜ 'ਤੇ ਵਿਚਾਰ ਰੱਖੇ। ਪਰਿਵਾਰ ਦੇ ਮੈਂਬਰਾਂ ਨੂੰ ਇਕੱਠੇ ਬੈਠ ਕੇ ਭੋਜਨ ਕਰਨ, ਭਜਨ ਕਰਨ ਅਤੇ ਭ੍ਰਮਣ ਕਰਨ ਵਰਗੇ ਸਮੂਹਿਕ ਕਾਰਜਾਂ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿੱਤਾ ਗਿਆ। ਸਮਾਜਿਕ ਸਦਭਾਵਨਾ ਦੇ ਵਿਸ਼ੇ 'ਤੇ ਸਮਾਜ ਵਿੱਚ ਜਾਤ-ਪਾਤ ਦੇ ਭੇਦਭਾਵ ਨੂੰ ਖਤਮ ਕਰਨ ਅਤੇ ਕਿਸੇ ਵੀ ਵਿਅਕਤੀ ਨੂੰ ਉੱਚਾ ਜਾਂ ਨੀਵਾਂ ਨਾ ਮੰਨਣ ਦੀ ਭਾਵਨਾ ਨੂੰ ਮਜ਼ਬੂਤ ਕਰਨ ਵਿੱਚ ਨੌਜਵਾਨਾਂ ਦੀ ਭੂਮਿਕਾ 'ਤੇ ਚਰਚਾ ਹੋਈ। ਵਾਤਾਵਰਣ ਵਿਸ਼ੇ ਦੇ ਤਹਿਤ ਰੁੱਖ, ਪਾਣੀ ਅਤੇ ਪਲਾਸਟਿਕ ਪ੍ਰਤੀ ਜਾਗਰੂਕਤਾ ਵਧਾ ਕੇ ਸਵੱਛ ਅਤੇ ਸ਼ੁੱਧ ਵਾਤਾਵਰਣ ਯੁਕਤ ਸਮਾਜ ਬਣਾਉਣ ਦੇ ਉਪਾਵਾਂ 'ਤੇ ਵਿਚਾਰ ਰੱਖੇ ਗਏ।

'ਸਵੈ ਦੀ ਬੋਧ' ਵਿਸ਼ੇ ਦੇ ਤਹਿਤ ਸਵਦੇਸ਼ੀ ਭਾਸ਼ਾ, ਭੂਸ਼ਾ ਅਤੇ ਭੋਜਨ ਨੂੰ ਅਪਣਾਉਣ 'ਤੇ ਚਰਚਾ ਹੋਈ। ਉੱਥੇ, ਨਾਗਰਿਕ ਕਰਤੱਵ ਦੇ ਵਿਸ਼ੇ 'ਤੇ ਨੌਜਵਾਨਾਂ ਨੇ ਕਿਹਾ ਕਿ ਅਧਿਕਾਰਾਂ ਦੀ ਮੰਗ ਦੇ ਨਾਲ ਦੇਸ਼ ਅਤੇ ਸਮਾਜ ਪ੍ਰਤੀ ਆਪਣੇ ਕਰਤੱਵਾਂ ਦਾ ਨਿਰਵਾਹ ਕਰਨਾ ਵੀ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ।

ਨੌਜਵਾਨਾਂ ਨੂੰ ਆਤਮ-ਸੰਯਮ ਦੇ ਨਾਲ ਰਾਸ਼ਟਰ ਉੱਥਾਨ ਵਿੱਚ ਯੋਗਦਾਨ ਦੇਣ ਦਾ ਸੱਦਾ

ਸੰਵਾਦ ਸੈਸ਼ਨ ਤੋਂ ਬਾਅਦ ਬੌਧਿਕ ਸੈਸ਼ਨ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਪ੍ਰਧਾਨ ਅਤੇ ਐਸਪੀਆਰ ਬੈਡਮਿੰਟਨ ਅਕੈਡਮੀ ਦੇ ਸੰਸਥਾਪਕ ਮੈਂਬਰ ਸੁਨੀਲ ਜਾਂਗੜਾ ਨੇ ਕਿਹਾ ਕਿ ਰਾਸ਼ਟਰ ਦੇ ਉੱਥਾਨ ਵਿੱਚ ਨੌਜਵਾਨਾਂ ਨੂੰ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਆਤਮ-ਸੰਯਮ ਵਿਕਸਿਤ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਕੋਈ ਵਿਕਾਰ ਸਾਨੂੰ ਨਿਯੰਤਰਿਤ ਨਾ ਕਰੇ, ਸਗੋਂ ਸਾਨੂੰ ਖੁਦ ਆਪਣੇ ਮਨ ਅਤੇ ਵਿਵਹਾਰ 'ਤੇ ਨਿਯੰਤਰਣ ਰੱਖਣਾ ਚਾਹੀਦਾ ਹੈ। ਇਸ ਨਾਲ ਵਿਅਕਤੀ ਦੇ ਨਾਲ-ਨਾਲ ਰਾਸ਼ਟਰ ਦੇ ਉੱਥਾਨ ਦੀ ਦਿਸ਼ਾ ਵਿੱਚ ਵੀ ਸਕਾਰਾਤਮਕ ਯੋਗਦਾਨ ਦਿੱਤਾ ਜਾ ਸਕਦਾ ਹੈ।

ਪ੍ਰੋਗਰਾਮ ਦੇ ਮੁੱਖ ਬੁਲਾਰੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸੂਬਾ ਕਾਰਜਕਾਰਿਣੀ ਮੈਂਬਰ ਚਰਨਜੀਤ ਨੇ ਨੌਜਵਾਨਾਂ ਨੂੰ ਵਿਵੇਕਸ਼ੀਲ ਬਣਨ ਅਤੇ ਰਾਸ਼ਟਰ ਨਿਰਮਾਣ ਵਿੱਚ ਆਪਣੀ ਭੂਮਿਕਾ ਯਕੀਨੀ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਸੰਘ ਦੇ ਸੰਸਥਾਪਕ ਡਾ. ਕੇਸ਼ਵ ਬਲੀਰਾਮ ਹੇਡਗੇਵਾਰ ਦੇ ਜੀਵਨ ਚਰਿੱਤਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਐਮਬੀਬੀਐਸ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਡਾ. ਹੇਡਗੇਵਾਰ ਨੇ ਆਪਣਾ ਜੀਵਨ ਦੇਸ਼ ਅਤੇ ਸਮਾਜ ਦੇ ਉੱਥਾਨ ਲਈ ਸਮਰਪਿਤ ਕਰ ਦਿੱਤਾ। ਉਨ੍ਹਾਂ ਨੇ ਨੌਜਵਾਨਾਂ ਨੂੰ ਨਾਲ ਜੋੜਦੇ ਹੋਏ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਨਿਰਮਾਣ ਦੀ ਦਿਸ਼ਾ ਵਿੱਚ ਕੰਮ ਕੀਤਾ।

ਚਰਨਜੀਤ ਨੇ ਕਿਹਾ ਕਿ ਰਾਸ਼ਟਰੀ ਸਵੈਮ ਸੇਵਕ ਸੰਘ ਸ਼ੁਰੂ ਤੋਂ ਹੀ ਚਰਿੱਤਰ ਨਿਰਮਾਣ ਦੀ ਪ੍ਰਕਿਰਿਆ 'ਤੇ ਕੰਮ ਕਰਦਾ ਆ ਰਿਹਾ ਹੈ ਅਤੇ ਚਰਿੱਤਰਵਾਨ ਵਿਅਕਤੀ ਤੋਂ ਚਰਿੱਤਰਵਾਨ ਰਾਸ਼ਟਰ ਨਿਰਮਾਣ ਦੇ ਵਿਚਾਰ 'ਤੇ ਅਡਿੱਗ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਨੌਜਵਾਨਾਂ ਨੂੰ ਦੇਸ਼ ਅਤੇ ਸਮਾਜ ਵਿੱਚ ਬਣਾਏ ਜਾ ਰਹੇ ਵੱਖ-ਵੱਖ ਵਿਸ਼ਿਆਂ ਨੂੰ ਵੀ ਗੰਭੀਰਤਾ ਨਾਲ ਸਮਝਣ ਦੀ ਲੋੜ ਹੈ। ਟੀਵੀ ਮੀਡੀਆ, ਸੋਸ਼ਲ ਮੀਡੀਆ, ਅਖ਼ਬਾਰਾਂ ਅਤੇ ਹੋਰ ਮਾਧਿਅਮਾਂ ਤੋਂ ਸਾਹਮਣੇ ਆਉਣ ਵਾਲੇ ਵਿਸ਼ੇ ਨੌਜਵਾਨਾਂ ਅਤੇ ਰਾਸ਼ਟਰ ਨੂੰ ਕਿਸ ਦਿਸ਼ਾ ਵਿੱਚ ਲੈ ਜਾ ਰਹੇ ਹਨ, ਇਸ 'ਤੇ ਨੌਜਵਾਨਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ।

ਉਨ੍ਹਾਂ ਨੇ ਨੌਜਵਾਨਾਂ ਨੂੰ ਭਰਮਾਉਣ ਵਾਲੇ ਵਿਸ਼ਿਆਂ ਤੋਂ ਬਚਣ ਅਤੇ ਹੁਨਰ ਵਿਕਾਸ 'ਤੇ ਵਿਸ਼ੇਸ਼ ਧਿਆਨ ਦੇਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਨੌਜਵਾਨ ਨਵੇਂ-ਨਵੇਂ ਖੇਤਰਾਂ ਵਿੱਚ ਸਟਾਰਟਅੱਪ ਸ਼ੁਰੂ ਕਰ ਰਹੇ ਹਨ ਅਤੇ ਦੇਸ਼ ਨੂੰ ਵਿਸ਼ਵ ਪੱਧਰ 'ਤੇ ਅੱਗੇ ਲੈ ਜਾਣ ਵਿੱਚ ਯੋਗਦਾਨ ਦੇ ਰਹੇ ਹਨ। ਨੌਜਵਾਨਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿੰਦੇ ਹੋਏ ਆਧੁਨਿਕ ਸਿੱਖਿਆ ਅਤੇ ਹੁਨਰ ਦਾ ਉਪਯੋਗ ਕਰਕੇ ਭਾਰਤ ਨੂੰ ਵਿਸ਼ਵ ਵਿੱਚ ਸ੍ਰੇਸ਼ਟ ਸਥਾਨ ਦਿਵਾਉਣ ਦੀ ਦਿਸ਼ਾ ਵਿੱਚ ਕੰਮ ਕਰਨਾ ਚਾਹੀਦਾ ਹੈ।

ਖੇਡ ਅਤੇ ਸੰਗੀਤਮਈ ਕਸਰਤ ਨੇ ਬੰਨ੍ਹਿਆ ਸਮਾਂ

ਸੰਮੇਲਨ ਦੇ ਆਖਰੀ ਸੈਸ਼ਨ ਵਿੱਚ ਸਰੀਰਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਵਿੱਚ ਵੱਖ-ਵੱਖ ਖੇਡ ਗਤੀਵਿਧੀਆਂ, ਰੱਸਾਕਸ਼ੀ ਮੁਕਾਬਲਾ ਅਤੇ ਸੰਗੀਤਮਈ ਕਸਰਤ ਵਿੱਚ ਨੌਜਵਾਨਾਂ ਨੇ ਉਤਸ਼ਾਹ ਨਾਲ ਭਾਗ ਲਿਆ। ਪ੍ਰੋਗਰਾਮ ਵਿੱਚ ਸ਼ਾਮਲ ਨੌਜਵਾਨਾਂ ਨੇ ਕਿਹਾ ਕਿ ਸਮੂਹਿਕ ਰੂਪ ਵਿੱਚ ਖੇਡ ਗਤੀਵਿਧੀਆਂ ਵਿੱਚ ਭਾਗ ਲੈਣ ਨਾਲ ਉਨ੍ਹਾਂ ਨੂੰ ਆਪਣਾ ਬਚਪਨ ਯਾਦ ਆ ਗਿਆ। ਇਕੱਠੇ ਮਿਲ ਕੇ ਖੇਡਣ ਦਾ ਤਜਰਬਾ ਉਨ੍ਹਾਂ ਲਈ ਬਹੁਤ ਆਨੰਦਦਾਇਕ ਰਿਹਾ। ਪ੍ਰੋਗਰਾਮ ਦੇ ਅੰਤ ਵਿੱਚ ਸਾਰੇ ਭਾਗੀਦਾਰਾਂ ਲਈ ਜਲਪਾਨ ਦੀ ਵਿਵਸਥਾ ਕੀਤੀ ਗਈ। ਰਾਸ਼ਟਰੀ ਸਵੈਮ ਸੇਵਕ ਸੰਘ ਦੇ ਨਗਰ ਸੰਘ ਚਾਲਕ ਰਾਜਕੁਮਾਰ ਮਨਚੰਦਾ ਨੇ ਦੱਸਿਆ ਕਿ ਨੌਜਵਾਨਾਂ ਦੇ ਸਰੀਰਕ, ਬੌਧਿਕ ਅਤੇ ਚਾਰਿੱਤਰਕ ਵਿਕਾਸ ਦੇ ਉਦੇਸ਼ ਨਾਲ ਯੁਵਾ ਸੰਮੇਲਨ ਦਾ ਆਯੋਜਨ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਵਰਤਮਾਨ ਸਮੇਂ ਵਿੱਚ ਨੌਜਵਾਨਾਂ ਨੂੰ ਆਪਣੇ ਸੰਪੂਰਨ ਵਿਕਾਸ 'ਤੇ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਉਹ ਹਰ ਖੇਤਰ ਵਿੱਚ ਗੁਣਵੱਤਾਪੂਰਨ ਭੂਮਿਕਾ ਨਿਭਾਉਣ ਦੇ ਨਾਲ ਸਵੈ-ਨਿਰਭਰ ਵੀ ਬਣ ਸਕਨ।

ਮੁਅੱਤਲ ਐਸਈ ਨੇ ਸੇਵਾਮੁਕਤੀ ਵਾਲੇ ਦਿਨ ਜ਼ਹਿਰ ਨਿਗਲਿਆ

- ਕਾਰ ਵਿੱਚੋਂ ਲਾਸ਼ ਮਿਲੀ; ਖੁਦਕੁਸ਼ੀ ਨੋਟ ਵਿੱਚ ਅਧਿਕਾਰੀਆਂ ਵਿਰੁੱਧ ਗੰਭੀਰ ਦੋਸ਼ ਲਗਾਏ ਗਏ ਹਨ
- ਪਤਨੀ ਨੂੰ ਸੁਨੇਹਾ: ਸੰਵਿਧਾਨ ਦੇ ਦਾਇਰੇ ਵਿੱਚ ਕਾਨੂੰਨੀ ਕਾਰਵਾਈ ਕਰੋ

ਪੈ.ਗਾਮ-ਏ-ਜਗਤ/ਕਰਨਾਲ
31 ਅਗਸਤ (ਪ੍ਰਵੀਨ ਵਾਲੀਆ)

ਕਰਨਾਲ ਵਿੱਚ ਬਿਜਲੀ ਨਿਗਮ ਦੇ ਮੁਅੱਤਲ ਸੁਪਰਡੈਂਟ ਇੰਜੀਨੀਅਰ (ਐਸਈ) ਗੀਤੂ ਰਾਮ ਤੰਵਰ ਨੇ ਆਪਣੀ ਸੇਵਾਮੁਕਤੀ ਵਾਲੇ ਦਿਨ ਜ਼ਹਿਰੀਲਾ ਪਦਾਰਥ ਖਾ ਕੇ ਖੁਦਕੁਸ਼ੀ ਕਰ ਲਈ। ਉਸਦੀ ਲਾਸ਼ ਸੋਮਵਾਰ ਸਵੇਰੇ ਡੀਏਵੀ ਸਕੂਲ ਨੇੜੇ ਉਸਦੀ ਕਾਰ ਵਿੱਚੋਂ ਮਿਲੀ। ਪੁਲਿਸ ਨੂੰ ਗੱਡੀ ਵਿੱਚੋਂ ਤਿੰਨ ਪੰਨਿਆਂ ਦਾ ਖੁਦਕੁਸ਼ੀ ਨੋਟ ਮਿਲਿਆ। ਨੋਟ ਵਿੱਚ ਇੱਕ ਆਈਏਐਸ ਅਧਿਕਾਰੀ ਸਮੇਤ ਬਿਜਲੀ ਨਿਗਮ ਦੇ ਕਈ ਅਧਿਕਾਰੀਆਂ ਵਿਰੁੱਧ ਜਾਤੀ ਅਧਾਰਤ ਵਿਤਕਰੇ, ਮਾਨਸਿਕ ਪਰੇਸ਼ਾਨੀ ਅਤੇ ਇੱਕ ਜਾਅਲੀ ਵੀਡੀਓ ਦੇ ਪ੍ਰਸਾਰਣ ਰਾਹੀਂ ਨਿਸ਼ਾਨਾ ਬਣਾਉਣ ਸਮੇਤ ਗੰਭੀਰ ਦੋਸ਼ ਲਗਾਏ ਗਏ ਹਨ। ਉਸਦੇ ਪਰਿਵਾਰ ਦੇ ਅਨੁਸਾਰ, ਤੰਵਰ ਸਵੇਰੇ 7:00 ਵਜੇ ਦੇ ਕਰੀਬ ਘਰੋਂ ਨਿਕਲਿਆ। ਥੋੜ੍ਹੀ ਦੇਰ ਬਾਅਦ, ਉਸਨੇ ਫੋਨ ਕਰਕੇ ਕਿਹਾ, ਮੈਂ ਆਪਣਾ ਆਖਰੀ ਪੱਤਰ ਦੇਣ ਜਾ ਰਿਹਾ ਹਾਂ। ਇਸ ਤੋਂ ਬਾਅਦ, ਉਸਦੀ ਲਾਸ਼ ਕਾਰ ਵਿੱਚੋਂ ਮਿਲੀ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸੁਸਾਈਡ ਨੋਟ ਵਿੱਚ ਉਸਦੀ ਪਤਨੀ ਪ੍ਰੀਤੀ ਨੂੰ ਸੰਬੋਧਿਤ ਇੱਕ ਸੁਨੇਹਾ ਸ਼ਾਮਲ ਹੈ, ਜਿਸ ਵਿੱਚ ਉਸਨੂੰ ਮਜ਼ਬੂਤ ਰਹਿਣ ਅਤੇ ਸੰਵਿਧਾਨਕ ਢਾਂਚੇ ਦੇ ਅੰਦਰ ਕਾਨੂੰਨੀ ਕਾਰਵਾਈ ਕਰਨ ਦੀ ਅਪੀਲ ਕੀਤੀ ਗਈ ਹੈ। ਤੰਵਰ ਨੇ ਦੋਸ਼ ਲਗਾਇਆ ਕਿ ਅਨੁਸੂਚਿਤ ਜਾਤੀ ਪਿਛੋਕੜ ਕਾਰਨ ਉਸਨੂੰ ਲਗਾਤਾਰ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਨੋਟ ਵਿੱਚ, ਤੰਵਰ ਨੇ ਦੋਸ਼ ਲਗਾਇਆ ਕਿ ਲਗਭਗ 15 ਸਾਲ ਦੀ ਸੇਵਾ ਦੇ ਬਾਵਜੂਦ, ਉਸਨੂੰ ਬਹਾਲ ਨਹੀਂ ਕੀਤਾ ਗਿਆ, ਨਾ ਹੀ ਉਸਦੇ ਜਾਇਜ਼ ਰਿਟਾਇਰਮੈਂਟ ਲਾਭ ਜਾਰੀ ਕੀਤੇ ਗਏ। ਰਿਟਾਇਰਮੈਂਟ ਵਾਲੇ ਦਿਨ ਮੌਤ 'ਤੇ ਸੋਗ ਵਿੱਚ ਪਰਿਵਾਰ: ਗੀਤੂ ਰਾਮ ਤੰਵਰ 58 ਸਾਲ ਦੇ ਸਨ ਅਤੇ ਸੋਮਵਾਰ ਨੂੰ ਰਿਟਾਇਰ ਹੋਣ ਵਾਲੇ ਸਨ। ਰਿਟਾਇਰਮੈਂਟ ਵਾਲੇ ਦਿਨ ਹੀ ਸ਼ੱਕੀ ਹਾਲਾਤਾਂ ਵਿੱਚ ਉਨ੍ਹਾਂ ਦੀ ਮੌਤ ਨੇ ਪਰਿਵਾਰ ਨੂੰ ਸੋਗ ਵਿੱਚ ਡੁੱਬਾ ਦਿੱਤਾ ਹੈ। ਉਨ੍ਹਾਂ ਦੇ ਪਿੱਛੇ ਤਿੰਨ ਬੱਚੇ ਹਨ: ਉਨ੍ਹਾਂ ਦੀ ਵੱਡੀ ਧੀ ਇੱਕ ਐਮਬੀਬੀਐਸ ਡਾਕਟਰ ਹੈ, ਉਨ੍ਹਾਂ ਦੀ ਛੋਟੀ ਧੀ ਨੀਤੀ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਹੀ ਹੈ, ਅਤੇ ਉਨ੍ਹਾਂ ਦਾ ਪੁੱਤਰ ਸਵਾਸਤਿਕ ਇੱਕ ਕਾਲਜ ਦਾ ਵਿਦਿਆਰਥੀ ਹੈ।

ਸਰਕਾਰ ਪੂੰਜੀਪਤੀਆਂ ਦਾ ਹਜ਼ਾਰਾਂ ਕਰੋੜ ਦਾ ਕਰਜ਼ਾ ਮਾਫ ਕਰ ਰਹੀ ਹੈ ਪਰ ਕਰਮਚਾਰੀਆਂ ਨੂੰ ਘੱਟੋ-ਘੱਟ ਤਨਖਾਹ ਦੇਣ ਲਈ ਪੈਸਾ ਨਹੀਂ : ਰਾਜਿੰਦਰ ਸੋਰਖੀ

- ਸਫਾਈ ਕਰਮਚਾਰੀ ਇੱਕ ਮਹੀਨੇ ਤੋਂ ਹੜਤਾਲ 'ਤੇ, ਸਰਕਾਰ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕ ਰਹੀ : ਰਾਜਿੰਦਰ ਸੋਰਖੀ



ਪੈ.ਗਾਮ-ਏ-ਜਗਤ
ਹਾਂਸੀ (ਦਿਨਕਰ ਗਾਵੜੀ)

ਆਮ ਆਦਮੀ ਪਾਰਟੀ ਨੇ ਹਰਿਆਣਾ ਸੂਬੇ ਵਿੱਚ ਚੱਲ ਰਹੀ ਨਗਰ ਪਾਲਿਕਾ, ਨਗਰ ਪ੍ਰੀਸ਼ਦ ਅਤੇ ਨਗਰ ਨਿਗਮ ਦੇ ਕਰਮਚਾਰੀਆਂ ਦੀ ਅਣਮਿੱਥੇ ਸਮੇਂ ਦੀ ਹੜਤਾਲ ਕਾਰਨ ਸੜਕਾਂ 'ਤੇ ਫੈਲੀ ਗੰਦਗੀ ਨਾਲ ਹੋਣ ਵਾਲੀਆਂ ਬਿਮਾਰੀਆਂ ਪ੍ਰਤੀ ਚਿੰਤਾ ਜ਼ਾਹਰ ਕਰਦੇ ਹੋਏ ਸਰਕਾਰ ਤੋਂ ਤੁਰੰਤ ਕਰਮਚਾਰੀਆਂ ਦੀਆਂ ਮੰਗਾਂ ਨੂੰ ਪੂਰਾ ਕਰਨ ਦੀ ਬੇਨਤੀ ਕੀਤੀ ਹੈ ਤਾਂ ਜੋ ਲੋਕ ਸਾਫ਼ ਵਾਤਾਵਰਨ ਵਿੱਚ ਸਾਹ ਲੈ ਸਕਣ। ਪਾਰਟੀ ਦੇ ਹਾਂਸੀ ਜ਼ਿਲ੍ਹਾ ਪ੍ਰਧਾਨ ਰਾਜਿੰਦਰ ਸੋਰਖੀ ਨੇ ਕਿਹਾ ਹੈ ਕਿ ਨਿਗਮ ਕਰਮਚਾਰੀਆਂ ਨੇ ਸਰਕਾਰ ਨੂੰ ਹੜਤਾਲ 'ਤੇ ਜਾਣ ਤੋਂ ਪਹਿਲਾਂ ਚੇਤਾਵਨੀ ਦੇ ਦਿੱਤੀ ਸੀ ਕਿ ਉਨ੍ਹਾਂ ਦੀਆਂ ਪਹਿਲਾਂ ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਕੀਤਾ ਜਾਵੇ ਪਰ ਸਰਕਾਰ ਨੇ ਆਪਣੀ ਹੱਠਧਰਮੀ ਦਿਖਾਉਂਦੇ ਹੋਏ ਅਤੇ ਆਪਣੇ ਵਾਅਦੇ ਤੋਂ ਮੁੱਕਰਦੇ ਹੋਏ ਕਰਮਚਾਰੀਆਂ ਨੂੰ ਹੜਤਾਲ 'ਤੇ ਜਾਣ ਲਈ ਮਜਬੂਰ ਕੀਤਾ, ਜਿਸ ਕਾਰਨ ਸੂਬੇ ਦੀ ਹਰ ਗਲੀ, ਮੁਹੱਲਾ ਅਤੇ ਸੜਕ ਗੰਦਗੀ ਨਾਲ ਭਰੀ ਪਈ ਹੈ। ਕਈ ਥਾਵਾਂ 'ਤੇ ਤਾਂ ਬਿਮਾਰੀਆਂ ਫੈਲਣ ਦਾ ਸੰਕਟ ਪੈਦਾ ਹੋ ਗਿਆ ਹੈ। ਸਰਕਾਰ ਨੇ ਇਸੇ ਤਰ੍ਹਾਂ ਆਪਣੀ ਮਨਮਰਜ਼ੀ ਚਲਾਈ ਤਾਂ ਆਉਣ ਵਾਲੇ ਸਮੇਂ ਵਿੱਚ ਘਰ-ਘਰ ਵਿੱਚ ਲੋਕ ਬਿਮਾਰ ਹੋ ਜਾਣਗੇ। ਆਮ ਆਦਮੀ ਪਾਰਟੀ ਨੇ ਸਰਕਾਰ 'ਤੇ ਹਮਲਾ ਬੋਲਦੇ ਹੋਏ ਕਿਹਾ ਕਿ 1947 ਵਿੱਚ ਦੇਸ਼ ਆਜ਼ਾਦ ਹੋਇਆ ਪਰ 2014 ਵਿੱਚ ਭਾਜਪਾ ਸ਼ਾਸਨ ਵਿੱਚ ਪੂੰਜੀਪਤੀਆਂ ਦਾ ਗੁਲਾਮ ਹੋ ਗਿਆ। ਉਨ੍ਹਾਂ ਕਿਹਾ ਕਿ ਨਹਾਏ-ਧੋਤੇ ਲੋਕਾਂ ਦੇ 22000 ਕਰੋੜ ਮਾਫ ਹੋ ਰਹੇ ਹਨ ਦੂਜੇ ਪਾਸੇ ਗੰਦਗੀ, ਕੂੜਾ-ਕਰਕਟ ਚੁੱਕ ਕੇ ਦੇਸ਼ ਨੂੰ ਸਾਫ਼-ਸੁਥਰਾ ਰੱਖਣ ਵਾਲਿਆਂ ਲਈ ਘੱਟੋ-ਘੱਟ ਤਨਖਾਹ ਦੇਣ ਤੱਕ ਲਈ ਸਰਕਾਰ ਕੋਲ ਪੈਸੇ ਨਹੀਂ ਹਨ। ਇਸ ਤੋਂ ਪਹਿਲਾਂ ਵੀ ਸਰਕਾਰ ਆਪਣੇ ਸਵਾਰਥ ਦੀ ਖਾਤਰ ਪੂੰਜੀਪਤੀਆਂ ਦੇ ਹਜ਼ਾਰਾਂ ਕਰੋੜ ਰੁਪਏ ਮਾਫ ਕਰ ਚੁੱਕੀ ਹੈ। ਅੱਜ ਨਹੀਂ ਤਾਂ ਕੱਲ੍ਹ ਮੰਗਾਂ ਮੰਨਣੀਆਂ ਹੀ ਪੈਣਗੀਆਂ ਤਾਂ ਫਿਰ ਜਨਤਾ ਨੂੰ ਗੰਦਗੀ ਦੀ ਅੱਗ ਵਿੱਚ ਕਿਉਂ ਝੋਕਿਆ ਜਾ ਰਿਹਾ ਹੈ। ਕਰਮਚਾਰੀ ਵੀ ਰਾਤ-ਰਾਤ ਭਰ ਘਰਾਂ ਤੋਂ ਬਾਹਰ ਰਹਿ ਕੇ ਕੂੜੇ 'ਤੇ ਪਹਿਰਾ ਦੇਣ ਲਈ ਮਜਬੂਰ ਹੈ। ਕਈ ਥਾਵਾਂ 'ਤੇ ਪ੍ਰਸ਼ਾਸਨ ਕਰਮਚਾਰੀਆਂ ਦੀਆਂ ਮੰਗਾਂ ਦੇ ਉਲਟ ਹੋ ਕੇ ਆਪਣੇ ਪੱਧਰ 'ਤੇ ਸਫਾਈ ਕਰਵਾਉਣ ਵਿੱਚ ਜੁੱਟਿਆ ਹੈ। ਸਰਕਾਰ ਦੀਆਂ ਕਰਮਚਾਰੀ ਵਿਰੋਧੀ ਨੀਤੀਆਂ ਕਾਰਨ ਆਪਸ ਵਿੱਚ ਟਕਰਾਅ ਦੀ ਸਥਿਤੀ ਬਣ ਗਈ ਹੈ।

ਇਸੇ ਕਾਰਨ ਕਰਮਚਾਰੀਆਂ ਨੂੰ ਹਿਰਾਸਤ ਵਿੱਚ ਲਿਆ ਜਾ ਰਿਹਾ ਹੈ ਅਤੇ ਉਨ੍ਹਾਂ 'ਤੇ ਕੇਸ ਦਰਜ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਕੇਸਾਂ ਵਿੱਚ ਉਲਝੇ ਰਹਿਣ। ਆਮ ਆਦਮੀ ਪਾਰਟੀ ਨੇ ਸਰਕਾਰ ਤੋਂ ਬੇਨਤੀ ਕੀਤੀ ਹੈ ਕਿ ਉਹ ਆਪਣਾ ਅੜੀਅਲ ਰਵੱਈਆ ਛੱਡ ਕੇ ਜਨਤਾ ਦੀ ਸਿਹਤ ਨਾਲ ਖਿਲਵਾੜ ਨਾ ਕਰੇ ਅਤੇ ਕਰਮਚਾਰੀਆਂ ਦੀਆਂ ਮੰਗਾਂ ਨੂੰ ਮੰਨ ਕੇ ਤੁਰੰਤ ਸਫਾਈ ਵਿਵਸਥਾ ਸੁਚਾਰੂ ਕਰਵਾਉਣ ਦੀ ਦਿਸ਼ਾ ਵਿੱਚ ਕੰਮ ਕਰੇ।

ਹਾਂਸੀ ਵਿੱਚ ਸੜਕ ਸੁਰੱਖਿਆ ਕੁਇਜ਼ ਮੁਕਾਬਲੇ ਦਾ ਪਹਿਲਾ ਪੜਾਅ ਸੰਪੰਨ

- ਐਸਪੀ ਵਿਨੋਦ ਕੁਮਾਰ ਨੇ ਕ੍ਰਿਸ਼ਨਾ ਪ੍ਰਨਾਮੀ ਸਕੂਲ ਦਾ ਦੌਰਾ ਕਰ ਪ੍ਰਬੰਧਾਂ ਦਾ ਲਿਆ ਜਾਇਜ਼ਾ
- 449 ਸਕੂਲਾਂ ਦੇ 76,563 ਵਿਦਿਆਰਥੀਆਂ ਨੇ ਲਿਆ ਮੁਕਾਬਲੇ ਵਿੱਚ ਹਿੱਸਾ, ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕਤਾ ਵਧਾਉਣ 'ਤੇ ਰਿਹਾ ਜ਼ੋਰ

ਪੈ.ਗਾਮ-ਏ-ਜਗਤ
ਹਾਂਸੀ (ਦਿਨਕਰ ਗਾਵੜੀ)

ਪੁਲਿਸ ਕਪਤਾਨ ਹਾਂਸੀ ਵਿਨੋਦ ਕੁਮਾਰ ਦੇ ਮਾਰਗਦਰਸ਼ਨ ਵਿੱਚ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਅਤੇ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਆਯੋਜਿਤ ਸੜਕ ਸੁਰੱਖਿਆ ਕੁਇਜ਼ ਮੁਕਾਬਲਾ 2026-27 ਦੇ ਪਹਿਲੇ ਪੜਾਅ ਦੀ ਲਿਖਤੀ ਪ੍ਰੀਖਿਆ ਅੱਜ ਜ਼ਿਲ੍ਹੇ ਭਰ ਵਿੱਚ ਸ਼ਾਂਤੀਪੂਰਨ ਅਤੇ ਵਿਵਸਥਿਤ ਤਰੀਕੇ ਨਾਲ ਸੰਪੰਨ ਹੋਈ।



ਮੁਕਾਬਲੇ ਦੌਰਾਨ ਪੁਲਿਸ ਕਪਤਾਨ ਹਾਂਸੀ ਵਿਨੋਦ ਕੁਮਾਰ ਨੇ ਕ੍ਰਿਸ਼ਨਾ ਪ੍ਰਨਾਮੀ ਸਕੂਲ ਦਾ ਦੌਰਾ ਕਰ ਪ੍ਰੀਖਿਆ ਵਿਵਸਥਾ ਦਾ ਨਿਰੀਖਣ ਕੀਤਾ। ਉਨ੍ਹਾਂ ਪ੍ਰੀਖਿਆ ਕੇਂਦਰ 'ਤੇ ਵਿਦਿਆਰਥੀਆਂ ਦੀ ਭਾਗੀਦਾਰੀ, ਬੈਠਣ ਦੀ ਵਿਵਸਥਾ ਅਤੇ ਮੁਕਾਬਲੇ ਦੇ ਸੁਚਾਰੂ ਸੰਚਾਲਨ ਦਾ ਜਾਇਜ਼ਾ ਲਿਆ। ਪੁਲਿਸ ਕਪਤਾਨ ਨੇ ਸਕੂਲ ਪ੍ਰਬੰਧਨ ਅਤੇ ਸਬੰਧਤ ਪੁਲਿਸ ਅਧਿਕਾਰੀਆਂ ਤੋਂ ਮੁਕਾਬਲੇ ਦੇ ਆਯੋਜਨ ਨੂੰ ਲੈ ਕੇ ਲੋੜੀਂਦੀ ਜਾਣਕਾਰੀ ਵੀ ਲਈ।

449 ਸਕੂਲਾਂ ਅਤੇ 12 ਸਿੱਖਿਆ ਸੰਸਥਾਵਾਂ ਵਿੱਚ ਹੋਇਆ ਮੁਕਾਬਲਾ

ਸੜਕ ਸੁਰੱਖਿਆ ਕੁਇਜ਼ ਮੁਕਾਬਲੇ ਦੇ ਪਹਿਲੇ ਪੜਾਅ ਵਿੱਚ ਹਾਂਸੀ ਜ਼ਿਲ੍ਹੇ ਦੇ 449 ਸਕੂਲਾਂ ਵਿੱਚ ਵਿਦਿਆਰਥੀਆਂ ਨੇ ਹਿੱਸਾ ਲਿਆ। ਇਨ੍ਹਾਂ ਵਿੱਚ 233 ਸਕੂਲ ਹਾਂਸੀ ਖੇਤਰ, 119 ਸਕੂਲ ਨਾਰਨੌਂਦ ਖੇਤਰ ਅਤੇ 97 ਸਕੂਲ ਬਾਸ ਖੇਤਰ ਦੇ ਸ਼ਾਮਲ ਰਹੇ। ਇਸ ਤੋਂ ਇਲਾਵਾ ਜ਼ਿਲ੍ਹੇ ਦੀਆਂ 12 ਸਿੱਖਿਆ ਸੰਸਥਾਵਾਂ, ਜਿਨ੍ਹਾਂ ਵਿੱਚ 7 ਕਾਲਜ ਅਤੇ 5 ਆਈਟੀਆਈ ਸ਼ਾਮਲ ਹਨ, ਦੇ ਵਿਦਿਆਰਥੀਆਂ ਨੇ ਵੀ ਮੁਕਾਬਲੇ ਵਿੱਚ ਹਿੱਸਾ ਲਿਆ। ਕੁੱਲ ਮਿਲਾ ਕੇ 76,563 ਵਿਦਿਆਰਥੀਆਂ ਨੇ ਸੜਕ ਸੁਰੱਖਿਆ ਕੁਇਜ਼ ਮੁਕਾਬਲੇ ਵਿੱਚ ਹਿੱਸਾ ਲੈ ਕੇ ਟ੍ਰੈਫਿਕ ਨਿਯਮਾਂ ਅਤੇ ਸੁਰੱਖਿਅਤ ਸੜਕ ਵਿਵਹਾਰ ਪ੍ਰਤੀ ਆਪਣੀ ਜਾਗਰੂਕਤਾ ਦਾ ਪ੍ਰਗਟਾਵਾ ਕੀਤਾ।

ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਦਿੱਤੀ ਗਈ ਜਾਣਕਾਰੀ

ਮੁਕਾਬਲੇ ਰਾਹੀਂ ਵਿਦਿਆਰਥੀਆਂ ਨੂੰ ਸੜਕ ਚਿੰਨ੍ਹਾਂ, ਟ੍ਰੈਫਿਕ ਨਿਯਮਾਂ, ਹੈਲਮੇਟ ਅਤੇ ਸੀਟ ਬੈਲਟ ਦੀ ਮਹੱਤਤਾ, ਵਾਹਨ ਚਲਾਉਂਦੇ ਸਮੇਂ ਵਰਤੀ ਜਾਣ ਵਾਲੀ ਸਾਵਧਾਨੀ ਅਤੇ ਸੜਕ ਹਾਦਸਿਆਂ ਤੋਂ ਬਚਾਅ ਦੇ ਉਪਾਵਾਂ ਬਾਰੇ ਜਾਗਰੂਕ ਕੀਤਾ ਗਿਆ। ਪੁਲਿਸ ਅਧਿਕਾਰੀਆਂ ਵੱਲੋਂ ਵਿਦਿਆਰਥੀਆਂ ਨੂੰ ਸਮਝਾਇਆ ਗਿਆ ਕਿ ਸੜਕ 'ਤੇ ਛੋਟੀ ਜਿਹੀ ਲਾਪਰਵਾਹੀ ਵੀ ਗੰਭੀਰ ਹਾਦਸੇ ਦਾ ਕਾਰਨ ਬਣ ਸਕਦੀ ਹੈ। ਇਸ ਲਈ ਹਰ ਵਿਅਕਤੀ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣੇ ਨਾਲ-ਨਾਲ ਦੂਜੇ ਸੜਕ ਉਪਭੋਗਤਾਵਾਂ ਦੀ ਸੁਰੱਖਿਆ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ।

ਸਕੂਲ-ਕਾਲਜਾਂ ਵਿੱਚ ਪੁਲਿਸ ਨੇ ਕੀਤੀ ਪ੍ਰਬੰਧਾਂ ਦੀ ਨਿਗਰਾਨੀ


ਮੁਕਾਬਲੇ ਦੌਰਾਨ ਸਬੰਧਤ ਪੁਲਿਸ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਆਪੋ-ਆਪਣੇ ਖੇਤਰ ਦੇ ਸਕੂਲਾਂ ਅਤੇ ਸਿੱਖਿਆ ਸੰਸਥਾਵਾਂ ਦਾ ਦੌਰਾ ਕਰ ਪ੍ਰੀਖਿਆ ਦੇ ਆਯੋਜਨ ਅਤੇ ਪ੍ਰਬੰਧਾਂ ਦਾ ਨਿਰੀਖਣ ਕੀਤਾ। ਪੁਲਿਸ ਵੱਲੋਂ ਮੁਕਾਬਲੇ ਨੂੰ ਲੈ ਕੇ ਲੋੜੀਂਦਾ ਤਾਲਮੇਲ ਅਤੇ ਨਿਗਰਾਨੀ ਯਕੀਨੀ ਬਣਾਈ ਗਈ।

ਐਸਪੀ ਵਿਨੋਦ ਕੁਮਾਰ ਨੇ ਵਿਦਿਆਰਥੀਆਂ ਨੂੰ ਦਿੱਤਾ ਸੜਕ ਸੁਰੱਖਿਆ ਦਾ ਸੁਨੇਹਾ

ਪੁਲਿਸ ਕਪਤਾਨ ਹਾਂਸੀ ਵਿਨੋਦ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸੜਕ ਸੁਰੱਖਿਆ ਸਿਰਫ ਪ੍ਰੀਖਿਆ ਜਾਂ ਮੁਕਾਬਲੇ ਤੱਕ ਸੀਮਤ ਵਿਸ਼ਾ ਨਹੀਂ ਹੈ। ਇਸਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣਾ ਜ਼ਰੂਰੀ ਹੈ। ਵਿਦਿਆਰਥੀਆਂ ਦੁਆਰਾ ਸਿੱਖੀ ਗਈ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਉਨ੍ਹਾਂ ਦੇ ਪਰਿਵਾਰ ਅਤੇ ਸਮਾਜ ਤੱਕ ਵੀ ਪਹੁੰਚ ਸਕਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਬਿਨਾਂ ਹੈਲਮੇਟ ਦੋਪਹੀਆ ਵਾਹਨ ਨਾ ਚਲਾਉਣ, ਕਾਰ ਵਿੱਚ ਸੀਟ ਬੈਲਟ ਦੀ ਵਰਤੋਂ ਕਰਨ, ਵਾਹਨ ਚਲਾਉਂਦੇ ਸਮੇਂ ਮੋਬਾਈਲ ਫੋਨ ਦੀ ਵਰਤੋਂ ਨਾ ਕਰਨ ਅਤੇ ਟ੍ਰੈਫਿਕ ਸੰਕੇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ।

ਮਨੂੰਸਮ੍ਰਿਤੀ ਸਾੜ ਕੇ 'ਸ਼ੁੱਧੀਕਰਨ' ਖ਼ਿਲਾਫ਼ ਬਲਜੀਤ ਕੌਰ ਦਾ ਰੋਸ

ਪੈ.ਗਾਮ-ਏ-ਜਗਤ
ਖਰੜ (ਦਵਿੰਦਰ ਕੌਰ)



ਪੰਜਾਬ ਮਹਿਲਾ ਕਾਂਗਰਸ ਦੀ ਕਾਰਜਕਾਰੀ ਪ੍ਰਧਾਨ ਬਲਜੀਤ ਕੌਰ ਦੀ ਅਗਵਾਈ ਹੇਠ ਮੁੱਲਾਂਪੁਰ ਗਰੀਬਦਾਸ ਵਿਖੇ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮਲਿਕ ਅਰਜੁਨ ਖੜਗੇ ਦੀ ਹਲਦਵਾਨੀ ਰੈਲੀ ਤੋਂ ਬਾਅਦ ਰੈਲੀ ਵਾਲੀ ਥਾਂ 'ਤੇ ਕੀਤੇ ਗਏ ਕਥਿਤ 'ਸ਼ੁੱਧੀਕਰਨ' ਦੇ ਵਿਰੋਧ ਵਿੱਚ ਮਨੂੰਸਮ੍ਰਿਤੀ ਦੀਆਂ ਕਾਪੀਆਂ ਸਾੜ ਕੇ ਰੋਸ ਪ੍ਰਗਟ ਕੀਤਾ ਗਿਆ।

ਬਲਜੀਤ ਕੌਰ ਨੇ ਕਿਹਾ ਕਿ 8 ਅਗਸਤ ਨੂੰ ਉੱਤਰਾਖੰਡ ਦੇ ਹਲਦਵਾਨੀ ਸਥਿਤ ਰਾਮਲੀਲਾ ਮੈਦਾਨ ਵਿੱਚ ਮਲਿਕਾਰਜੁਨ ਖੜਗੇ ਵੱਲੋਂ ਕਾਂਗਰਸ ਦੀ ਰੈਲੀ ਨੂੰ ਸੰਬੋਧਨ ਕਰਨ ਤੋਂ ਦੋ ਦਿਨ ਬਾਅਦ 'ਸ਼੍ਰੀ ਰਾਮ ਸੇਨਾ ਧਰਮਾਰਥ ਸੇਵਾ ਨਿਆਸ' ਨਾਮਕ ਸੰਗਠਨ ਵੱਲੋਂ ਉਸੇ ਮੈਦਾਨ ਵਿੱਚ 'ਸ਼ੁੱਧੀਕਰਨ ਹਵਨ' ਕੀਤਾ ਗਿਆ ਸੀ।

ਬਲਜੀਤ ਕੌਰ ਨੇ ਕਿਹਾ ਕਿ ਦੇਸ਼ ਦੀ ਸਭ ਤੋਂ ਪੁਰਾਣੀ ਰਾਜਨੀਤਿਕ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਅਤੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਰੈਲੀ ਤੋਂ ਬਾਅਦ ਜਨਤਕ ਮੰਚ ਦਾ 'ਸ਼ੁੱਧੀਕਰਨ' ਕੀਤਾ ਜਾਣਾ ਬੇਹੱਦ ਨਿੰਦਣਯੋਗ ਅਤੇ ਸਮਾਜਿਕ ਬਰਾਬਰੀ ਦੀ ਭਾਵਨਾ ਨੂੰ ਠੇਸ ਪਹੁੰਚਾਉਣ ਵਾਲੀ ਘਟਨਾ ਹੈ।

ਉਨ੍ਹਾਂ ਕਿਹਾ ਕਿ "ਅੱਜ ਦਾ ਭਾਰਤ ਸੰਵਿਧਾਨ ਨਾਲ ਚੱਲੇਗਾ, ਜਾਤੀ ਦੇ ਆਧਾਰ 'ਤੇ ਕਿਸੇ ਮਨੁੱਖ ਨੂੰ ਉੱਚਾ ਜਾਂ ਨੀਵਾਂ ਸਮਝਣ ਵਾਲੀ ਸੋਚ ਨਾਲ ਨਹੀਂ।"ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਵੱਲੋਂ ਦਿੱਤੇ ਸੰਵਿਧਾਨ ਨੇ ਹਰ ਨਾਗਰਿਕ ਨੂੰ ਬਰਾਬਰੀ, ਸਨਮਾਨ ਅਤੇ ਅਧਿਕਾਰ ਦਿੱਤੇ ਹਨ। ਕਿਸੇ ਵਿਅਕਤੀ ਦੀ ਜਾਤ ਦੇ ਆਧਾਰ 'ਤੇ ਉਸ ਨੂੰ ਅਪਵਿੱਤਰ ਸਮਝਣ ਵਾਲੀ ਕਿਸੇ ਵੀ ਸੋਚ ਦਾ ਲੋਕਤੰਤਰਿਕ ਭਾਰਤ ਵਿੱਚ ਕੋਈ ਸਥਾਨ ਨਹੀਂ ਹੋ ਸਕਦਾ। ਬਲਜੀਤ ਕੌਰ ਨੇ ਕਿਹਾ ਕਿ ਮੁੱਲਾਂਪੁਰ ਗਰੀਬਦਾਸ ਵਿਖੇ ਮਨੂੰਸਮ੍ਰਿਤੀ ਦੀਆਂ ਕਾਪੀਆਂ ਸਾੜਨ ਦਾ ਇਹ ਪ੍ਰਦਰਸ਼ਨ ਕਿਸੇ ਧਰਮ ਜਾਂ ਧਾਰਮਿਕ ਭਾਵਨਾ ਦੇ ਵਿਰੁੱਧ ਨਹੀਂ, ਸਗੋਂ ਜਾਤੀਵਾਦ, ਛੂਆਛੂਤ, ਔਰਤਾਂ ਨਾਲ ਅਸਮਾਨਤਾ ਅਤੇ ਮਨੁੱਖ ਨੂੰ ਮਨੁੱਖ ਤੋਂ ਨੀਵਾਂ ਸਮਝਣ ਵਾਲੀ ਵਿਚਾਰਧਾਰਾ ਦੇ ਵਿਰੋਧ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਪੰਜਾਬ ਮਹਿਲਾ ਕਾਂਗਰਸ ਸੰਵਿਧਾਨ ਵਿੱਚ ਦਰਜ ਸਮਾਨਤਾ ਅਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਇਹ ਸਵਾਲ ਸਿਰਫ਼ ਮਲਿਕਾਰਜੁਨ ਖੜਗੇ ਦਾ ਨਹੀਂ ਹੈ। ਜੇਕਰ ਦੇਸ਼ ਦੀ ਸੰਸਦ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਇੱਕ ਵੱਡੀ ਰਾਸ਼ਟਰੀ ਪਾਰਟੀ ਦੇ ਪ੍ਰਧਾਨ ਨੂੰ ਅਜਿਹੀ ਘਟਨਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤਾਂ ਆਮ ਦਲਿਤ ਨਾਗਰਿਕ ਨਾਲ ਹੋਣ ਵਾਲੇ ਭੇਦਭਾਵ ਦੀ ਗੰਭੀਰਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਮੌਕੇ ਜ਼ਿਲ੍ਹਾ ਮੋਹਾਲੀ ਤੋਂ ਪ੍ਰਧਾਨ ਪਰਮਜੀਤ ਕੌਰ ਪੈਂਤਪੁਰ ਅਤੇ ਵੱਡੀ ਗਿਣਤੀ ਵਿੱਚ ਮਹਿਲਾਵਾਂ ਹਾਜ਼ਰ ਸਨ।

ਕਰਨਾਲ ਨਗਰ ਨਿਗਮ ਦੀ ਸਫਾਈ ਮੁਹਿੰਮ ਜਾਰੀ, ਵੱਖ-ਵੱਖ ਮੁੱਖ ਥਾਵਾਂ ਤੋਂ ਕਰੀਬ 330 ਮੀਟ੍ਰਿਕ ਟਨ ਕੂੜਾ ਚੁੱਕਿਆ: ਸਲੋਨੀ ਸ਼ਰਮਾ, ਨਿਗਮ ਕਮਿਸ਼ਨਰ

- ਡੋਰ-ਟੂ-ਡੋਰ ਕੂੜਾ ਇਕੱਠਾ ਕਰਨ ਦਾ ਕੰਮ ਨਿਯਮਿਤ ਜਾਰੀ, ਕੂੜਾ ਸੰਵੇਦਨਸ਼ੀਲ ਬਿੰਦੂਆਂ ਨੂੰ ਕੀਤਾ ਜਾ ਰਿਹਾ ਖਤਮ
- ਸ਼ਹਿਰ ਵਾਸੀਆਂ ਅਤੇ ਵਪਾਰਕ ਸੰਗਠਨਾਂ ਨੂੰ ਕੂੜਾ ਇੱਧਰ-ਉੱਧਰ ਨਾ ਸੁੱਟਣ ਅਤੇ ਨਾ ਸਾੜਨ ਦੀ ਅਪੀਲ

ਪੈ.ਗਾਮ-ਏ-ਜਗਤ/ਕਰਨਾਲ
31 ਅਗਸਤ (ਵਾਲੀਆ)



ਨਗਰ ਨਿਗਮ ਕਰਨਾਲ ਵੱਲੋਂ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਬਿਹਤਰ ਅਤੇ ਵਿਵਸਥਿਤ ਬਣਾਈ ਰੱਖਣ ਲਈ ਨਿਯਮਿਤ ਤੌਰ 'ਤੇ ਵਿਸ਼ੇਸ਼ ਸਫਾਈ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਇਸੇ ਲੜੀ ਵਿੱਚ ਸੋਮਵਾਰ ਨੂੰ ਨਗਰ ਨਿਗਮ ਦੀ ਸਫਾਈ ਸ਼ਾਖਾ ਦੀਆਂ ਟੀਮਾਂ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਮੁੱਖ ਥਾਵਾਂ ਅਤੇ ਕੂੜਾ ਸੰਵੇਦਨਸ਼ੀਲ ਬਿੰਦੂਆਂ ਤੋਂ ਕਰੀਬ 330 ਮੀਟ੍ਰਿਕ ਟਨ ਕੂੜਾ ਚੁੱਕ ਕੇ ਨਿਰਧਾਰਤ ਥਾਂ 'ਤੇ ਭੇਜਿਆ ਗਿਆ। ਨਗਰ ਨਿਗਮ ਦੀਆਂ ਟੀਮਾਂ ਸ਼ਹਿਰ ਦੇ ਵੱਖ-ਵੱਖ ਖੇਤਰਾਂ ਵਿੱਚ ਲਗਾਤਾਰ ਸਫਾਈ ਕੰਮ ਵਿੱਚ ਲੱਗੀਆਂ ਹੋਈਆਂ ਹਨ, ਤਾਂ ਜੋ ਸੜਕਾਂ, ਬਾਜ਼ਾਰਾਂ ਅਤੇ ਜਨਤਕ ਥਾਵਾਂ 'ਤੇ ਸਾਫ਼ ਅਤੇ ਬਿਹਤਰ ਮਾਹੌਲ ਯਕੀਨੀ ਬਣਾਇਆ ਜਾ ਸਕੇ। ਨਗਰ ਨਿਗਮ ਕਮਿਸ਼ਨਰ ਸਲੋਨੀ ਸ਼ਰਮਾ ਨੇ ਦੱਸਿਆ ਕਿ ਸਫਾਈ ਵਿਵਸਥਾ ਨੂੰ ਦਰੁਸਤ ਰੱਖਣ ਲਈ ਨਿਗਮ ਪ੍ਰਸ਼ਾਸਨ ਵੱਲੋਂ ਉਪਲਬਧ ਸਾਧਨਾਂ ਦੀ ਪ੍ਰਭਾਵੀ ਢੰਗ ਨਾਲ ਵਰਤੋਂ ਕੀਤੀ ਜਾ ਰਹੀ ਹੈ। ਸ਼ਹਿਰ ਵਿੱਚ ਡੋਰ-ਟੂ-ਡੋਰ ਕੂੜਾ ਇਕੱਠਾ ਕਰਨ ਦਾ ਕੰਮ ਵੀ ਨਿਯਮਿਤ ਤੌਰ 'ਤੇ ਜਾਰੀ ਹੈ। ਇਸਦੇ ਨਾਲ-ਨਾਲ ਜਿੱਥੇ ਵੀ ਕੂੜਾ ਜਮ੍ਹਾਂ ਹੋਣ ਦੀ ਸੂਚਨਾ ਮਿਲ ਰਹੀ ਹੈ, ਉੱਥੇ ਤਰਜੀਹ ਦੇ ਆਧਾਰ 'ਤੇ ਸਫਾਈ ਕਰਵਾ ਕੇ ਕੂੜਾ ਚੁੱਕਿਆ ਜਾ ਰਿਹਾ ਹੈ।

14 ਮੁੱਖ ਥਾਵਾਂ 'ਤੇ ਚਲਾਈ ਗਈ ਸਫਾਈ ਮੁਹਿੰਮ

ਉਨ੍ਹਾਂ ਦੱਸਿਆ ਕਿ ਸੋਮਵਾਰ ਨੂੰ ਸਫਾਈ ਮੁਹਿੰਮ ਤਹਿਤ ਨਾਵਲਟੀ ਰੋਡ, ਦਿਆਲਪੁਰਾ ਗੇਟ, ਕਰਣਤਾਲ ਪਾਰਕ ਦੇ ਮੁੱਖ ਗੇਟ ਦੇ ਸਾਹਮਣੇ, ਕਰਣਤਾਲ ਪਾਰਕ ਦੇ ਬਾਹਰ ਸਥਿਤ ਲਾਇਬ੍ਰੇਰੀ ਦੇ ਸਾਹਮਣੇ, ਕਰਣਤਾਲ ਪਾਰਕ ਦੀ ਪੱਛਮ ਦਿਸ਼ਾ ਵਿੱਚ ਸਥਿਤ ਅਨਾਥ ਆਸ਼ਰਮ ਦੇ ਸਾਹਮਣੇ, ਕਾਲੀ ਮਾਤਾ ਮੰਦਰ-ਲੱਕੜ ਮੰਡੀ ਨੇੜੇ ਦੋ ਥਾਵਾਂ, ਸਦਰ ਬਾਜ਼ਾਰ ਵਿੱਚ ਪੀਲੀ ਕੋਠੀ-ਮੱਛੀ ਮਾਰਕੀਟ ਨੇੜੇ, ਲਿਬਰਟੀ ਸ਼ੋਅਰੂਮ ਦੇ ਨਾਲ ਵਾਲੇ ਪੁਆਇੰਟ, ਪ੍ਰੇਮ ਪਲਾਜ਼ਾ ਹੋਟਲ ਦੇ ਸਾਹਮਣੇ, ਵਾਣੀ ਅਤੇ ਸ਼ਰਵਣ ਨਿਸ਼ਕਤ ਜਨ ਸਕੂਲ ਦੇ ਸਾਹਮਣੇ, ਸੈਸ਼ਨ ਮਾਰਗ 'ਤੇ ਤਿੰਨ ਥਾਵਾਂ, ਰਘੂਨਾਥ ਮੰਦਰ ਨੇੜੇ ਤਿੰਨ ਥਾਵਾਂ, ਰਮੇਸ਼ ਨਗਰ ਦੀਆਂ ਦੋ ਥਾਵਾਂ ਅਤੇ ਭਗਵਾੜੀਆ ਗੈਸ ਏਜੰਸੀ ਨੇੜੇ ਦੋ ਥਾਵਾਂ ਤੋਂ ਕੂੜਾ ਚੁੱਕਿਆ ਗਿਆ। ਇਨ੍ਹਾਂ ਸਾਰੀਆਂ ਥਾਵਾਂ ਤੋਂ ਕਰੀਬ 150 ਮੀਟ੍ਰਿਕ ਟਨ ਕੂੜਾ ਚੁੱਕਿਆ ਗਿਆ ਹੈ।

ਨਗਰ ਨਿਗਮ ਵੱਲੋਂ ਇਨ੍ਹਾਂ ਥਾਵਾਂ 'ਤੇ ਸਫਾਈ ਕਰਵਾਉਣ ਦੇ ਨਾਲ-ਨਾਲ ਕੂੜਾ ਸੰਵੇਦਨਸ਼ੀਲ ਬਿੰਦੂਆਂ ਨੂੰ ਲਗਾਤਾਰ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਤਾਂ ਜੋ ਇਨ੍ਹਾਂ ਥਾਵਾਂ 'ਤੇ ਵਾਰ-ਵਾਰ ਕੂੜਾ ਜਮ੍ਹਾਂ ਨਾ ਹੋਵੇ ਅਤੇ ਸ਼ਹਿਰ ਦੀ ਸਵੱਛਤਾ ਵਿਵਸਥਾ ਸਥਾਈ ਤੌਰ 'ਤੇ ਬਿਹਤਰ ਬਣਾਈ ਜਾ ਸਕੇ।

ਡੋਰ-ਟੂ-ਡੋਰ ਕੂੜਾ ਇਕੱਠਾ ਕਰਨ ਵਿੱਚ ਸਹਿਯੋਗ ਕਰਨ ਨਾਗਰਿਕ।

ਨਿਗਮ ਕਮਿਸ਼ਨਰ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਨਗਰ ਨਿਗਮ ਦੇ ਕੂੜਾ ਇਕੱਠਾ ਕਰਨ ਵਾਲੇ ਵਾਹਨਾਂ ਵਿੱਚ ਹੀ ਆਪਣੇ ਘਰਾਂ ਅਤੇ ਅਦਾਰਿਆਂ ਦਾ ਕੂੜਾ ਪਾਓ। ਨਾਗਰਿਕ ਕੂੜੇ ਨੂੰ ਸੜਕ ਕਿਨਾਰੇ, ਖਾਲੀ ਪਲਾਟਾਂ, ਬਾਜ਼ਾਰਾਂ ਜਾਂ ਜਨਤਕ ਥਾਵਾਂ 'ਤੇ ਨਾ ਸੁੱਟਣ। ਕੂੜਾ ਨਿਰਧਾਰਤ ਵਾਹਨ ਨੂੰ ਹੀ ਸੌਂਪਣਾ ਸ਼ਹਿਰ ਨੂੰ ਸਾਫ਼ ਰੱਖਣ ਵਿੱਚ ਹਰ ਨਾਗਰਿਕ ਦੀ ਅਹਿਮ ਜ਼ਿੰਮੇਵਾਰੀ ਹੈ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਵਪਾਰਕ ਸੰਗਠਨਾਂ ਅਤੇ ਮਾਰਕੀਟ ਐਸੋਸੀਏਸ਼ਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਦੁਕਾਨਦਾਰਾਂ ਅਤੇ ਅਦਾਰਿਆਂ ਨੂੰ ਸਵੱਛਤਾ ਪ੍ਰਤੀ ਜਾਗਰੂਕ ਕਰਨ ਅਤੇ ਬਾਜ਼ਾਰਾਂ ਵਿੱਚ ਕੂੜਾ ਇੱਧਰ-ਉੱਧਰ ਨਾ ਸੁੱਟਣ ਲਈ ਪ੍ਰੇਰਿਤ ਕਰਨ।

ਕੂੜਾ ਸਾੜਨ ਤੋਂ ਬਚੋ, ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਨੂੰ ਰੋਕੋ

ਉਨ੍ਹਾਂ ਕਿਹਾ ਕਿ ਖੁੱਲ੍ਹੇ ਵਿੱਚ ਕੂੜਾ ਸਾੜਨਾ ਸਿਹਤ ਅਤੇ ਵਾਤਾਵਰਨ ਦੋਵਾਂ ਲਈ ਨੁਕਸਾਨਦਾਇਕ ਹੈ। ਕੂੜਾ ਸਾੜਨ ਨਾਲ ਹਵਾ ਪ੍ਰਦੂਸ਼ਣ ਵਧਦਾ ਹੈ ਅਤੇ ਆਲੇ-ਦੁਆਲੇ ਦੇ ਵਾਤਾਵਰਨ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਇਸ ਲਈ ਨਾਗਰਿਕ ਕੂੜੇ ਨੂੰ ਸਾੜਨ ਦੀ ਬਜਾਏ ਇਕੱਠਾ ਕਰਕੇ ਨਗਰ ਨਿਗਮ ਦੇ ਕੂੜਾ ਇਕੱਠਾ ਕਰਨ ਵਾਲੇ ਵਾਹਨਾਂ ਨੂੰ ਹੀ ਸੌਂਪਣ। ਉਨ੍ਹਾਂ ਕਿਹਾ ਕਿ ਸਾਫ਼ ਸ਼ਹਿਰ ਲਈ ਨਗਰ ਨਿਗਮ ਪ੍ਰਸ਼ਾਸਨ ਦੇ ਨਾਲ-ਨਾਲ ਨਾਗਰਿਕਾਂ, ਦੁਕਾਨਦਾਰਾਂ, ਵਪਾਰਕ ਸੰਗਠਨਾਂ ਅਤੇ ਮਾਰਕੀਟ ਐਸੋਸੀਏਸ਼ਨਾਂ ਦਾ ਸਹਿਯੋਗ ਵੀ ਜ਼ਰੂਰੀ ਹੈ। ਸਮੂਹਿਕ ਯਤਨਾਂ ਨਾਲ ਹੀ ਸ਼ਹਿਰ ਨੂੰ ਸਾਫ਼, ਸੁੰਦਰ ਅਤੇ ਕੂੜਾ-ਮੁਕਤ ਬਣਾਇਆ ਜਾ ਸਕਦਾ ਹੈ।

ਸਫਾਈ ਕੰਮ ਵਿੱਚ ਰੁਕਾਵਟ ਪਾਉਣ ਵਾਲਿਆਂ 'ਤੇ ਹੋਵੇਗੀ ਕਾਰਵਾਈ

ਉਨ੍ਹਾਂ ਸਪੱਸ਼ਟ ਕੀਤਾ ਕਿ ਨਗਰ ਨਿਗਮ ਪ੍ਰਸ਼ਾਸਨ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਬਣਾਈ ਰੱਖਣ ਲਈ ਪੂਰੀ ਗੰਭੀਰਤਾ ਅਤੇ ਵਚਨਬੱਧਤਾ ਨਾਲ ਕੰਮ ਕਰ ਰਿਹਾ ਹੈ। ਸਫਾਈ ਕੰਮ ਵਿੱਚ ਲੱਗੇ ਕਰਮਚਾਰੀਆਂ ਅਤੇ ਸਾਧਨਾਂ ਦੇ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਪੈਦਾ ਕਰਨ ਵਾਲੇ ਵਿਅਕਤੀ ਵਿਰੁੱਧ ਨਿਯਮਾਂ ਅਨੁਸਾਰ ਢੁਕਵੀਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਪ੍ਰਲੇਸ ਹਰਿਆਣਾ ਰਾਜ ਡੈਲੀਗੇਟਸ ਕਾਨਫਰੰਸ ਸਮਾਪਤ; ਨਵੀਂ ਕਾਰਜਕਾਰੀ ਕਮੇਟੀ ਦਾ ਗਠਨ

- ਡਾ. ਰਾਮੇਸ਼ਵਰ ਦਾਸ ਪ੍ਰਧਾਨ, ਪਰਮਾਨੰਦ ਸ਼ਾਸਤਰੀ ਸੀਨੀਅਰ ਉਪ-ਪ੍ਰਧਾਨ ਅਤੇ ਡਾ. ਹਰਵਿੰਦਰ ਸਿੰਘ ਸਿਰਸਾ ਜਨਰਲ ਸਕੱਤਰ ਚੁਣੇ ਗਏ

ਕੁਰੂਕਸ਼ੇਤਰ, 31 ਅਗਸਤ
(ਪੈ.ਗਾਮ-ਏ-ਜਗਤ)



ਆਲ ਇੰਡੀਆ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ (ਪ੍ਰਲੇਸ) ਦੀ ਹਰਿਆਣਾ ਇਕਾਈ ਦੀ ਰਾਜ ਡੈਲੀਗੇਟਸ ਕਾਨਫਰੰਸ ਕੁਰੂਕਸ਼ੇਤਰ ਵਿੱਚ ਸਮਾਪਤ ਹੋਈ। ਕਾਨਫਰੰਸ ਦੌਰਾਨ, ਅਗਲੇ ਤਿੰਨ ਸਾਲਾਂ ਲਈ ਰਾਜ ਕਾਰਜਕਾਰੀ ਕਮੇਟੀ ਦਾ ਪੁਨਰਗਠਨ ਕੀਤਾ ਗਿਆ। ਡਾ. ਰਾਮੇਸ਼ਵਰ ਦਾਸ ਨੂੰ ਪ੍ਰਧਾਨ, ਪਰਮਾਨੰਦ ਸ਼ਾਸਤਰੀ ਨੂੰ ਸੀਨੀਅਰ ਉਪ-ਪ੍ਰਧਾਨ, ਡਾ. ਹਰਵਿੰਦਰ ਸਿੰਘ ਸਿਰਸਾ ਨੂੰ ਜਨਰਲ ਸਕੱਤਰ ਅਤੇ ਪ੍ਰੋ. ਗੁਰਦੇਵ ਸਿੰਘ ਦੇਵ ਨੂੰ ਵਿੱਤ ਸਕੱਤਰ ਚੁਣਿਆ ਗਿਆ।

ਨਵੀਂ ਕਾਰਜਕਾਰੀ ਕਮੇਟੀ ਵਿੱਚ, ਡਾ. ਅਨਿਲ ਖਿਆਲ ਅੱਤਰੀ, ਭਗਵੰਤ ਸਿੰਘ ਸੇਠੀ ਅਤੇ ਰਾਜਿੰਦਰ ਕੌਰ ਨੂੰ ਉਪ-ਪ੍ਰਧਾਨ ਨਿਯੁਕਤ ਕੀਤਾ ਗਿਆ; ਅਰਵੇਲ ਸਿੰਘ ਵਿਰਕ, ਡਾ. ਕੁਲਵਿੰਦਰ ਸਿੰਘ ਪਦਮ, ਅਤੇ ਡਾ. ਕਰਨੈਲ ਚੰਦ ਨੂੰ ਸਕੱਤਰ ਨਿਯੁਕਤ ਕੀਤਾ ਗਿਆ; ਅਤੇ ਅਨੀਸ਼ ਕੁਮਾਰ ਨੂੰ ਵਿੱਤ ਸਕੱਤਰ ਨਿਯੁਕਤ ਕੀਤਾ ਗਿਆ।

ਪ੍ਰੋ. ਐਸ.ਜ਼ੈਡ.ਐਚ. ਨਕਵੀ, ਡਾ. ਅਤੁਲ ਯਾਦਵ ਅਤੇ ਡਾ. ਸ਼ੇਰ ਚੰਦ ਨੂੰ ਸੰਗਠਨ ਸਕੱਤਰਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਜਦੋਂ ਕਿ ਡਾ. ਗੁਰਪ੍ਰੀਤ ਸਿੰਘ ਸਿੰਧਰਾ ਅਤੇ ਯਾਦਵਿੰਦਰ ਸਿੰਘ ਨੂੰ ਪ੍ਰੈਸ ਸਕੱਤਰ ਨਿਯੁਕਤ ਕੀਤਾ ਗਿਆ ਸੀ। ਸੀਨੀਅਰ ਵਕੀਲ ਅਸ਼ਵਨੀ ਬਖਸ਼ੀ ਕਾਨੂੰਨੀ ਸਲਾਹਕਾਰ ਵਜੋਂ ਸੇਵਾ ਨਿਭਾਉਣਗੇ। ਕਾਨਫਰੰਸ ਵਿੱਚ 'ਹਰਿਆਣਾ ਦੀ ਬਹੁਲਵਾਦੀ ਸੱਭਿਆਚਾਰਕ ਵਿਰਾਸਤ ਅਤੇ ਰਾਸ਼ਟਰੀ ਚੇਤਨਾ' ਵਿਸ਼ੇ 'ਤੇ ਇੱਕ ਚਰਚਾ ਹੋਈ। ਮੁੱਖ ਬੁਲਾਰੇ ਅਤੇ ਸੇਵਾਮੁਕਤ ਆਈਏਐਸ ਅਧਿਕਾਰੀ ਅਸ਼ੋਕ ਗਰਗ ਨੇ ਕਿਹਾ ਕਿ ਹਰਿਆਣਾ ਦਾ ਸੱਭਿਆਚਾਰ ਬਹੁਪੱਖੀ ਹੈ, ਅਤੇ ਇੱਕ ਲਚਕੀਲਾ, ਜੋਸ਼ੀਲਾ ਸੁਭਾਅ ਇਸਦੀ ਪਰਿਭਾਸ਼ਾਤਮਕ ਵਿਸ਼ੇਸ਼ਤਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ, ਪਖੰਡ ਪ੍ਰਤੀ ਅੰਦਰੂਨੀ ਨਫ਼ਰਤ ਦੇ ਕਾਰਨ, ਹਰਿਆਣਾ ਦਾ ਸੱਭਿਆਚਾਰ ਧਾਰਮਿਕ ਕੱਟੜਤਾ ਤੋਂ ਬਹੁਤ ਹੱਦ ਤੱਕ ਮੁਕਤ ਰਿਹਾ ਹੈ।

ਪ੍ਰਲੇਸ ਦੇ ਰਾਸ਼ਟਰੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਲੇਖਕਾਂ ਨੂੰ ਆਮ ਲੋਕਾਂ ਦੇ ਸਾਹਮਣੇ ਚੁਣੌਤੀਆਂ ਦੀ ਪਛਾਣ ਕਰਨੀ ਚਾਹੀਦੀ ਹੈ। ਇੱਕ ਲੇਖਕ ਜਨਤਾ ਦੇ ਨਾਲ ਖੜ੍ਹਾ ਹੁੰਦਾ ਹੈ, ਅਤੇ ਮਨੁੱਖੀ ਸਮਾਜ ਦੇ ਵਿਆਪਕ ਹਿੱਤ ਵਿੱਚ ਵਿਚਾਰਧਾਰਕ ਅਗਵਾਈ ਪ੍ਰਦਾਨ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਪ੍ਰਲੇਸ ਪੰਜਾਬ ਦੇ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਨੇ ਸੰਗਠਨ ਦੇ 90 ਸਾਲਾਂ ਦੇ ਇਤਿਹਾਸ 'ਤੇ ਚਾਨਣਾ ਪਾਇਆ ਅਤੇ ਮੌਜੂਦਾ ਹਾਲਾਤਾਂ ਦੇ ਵਿਚਕਾਰ ਪ੍ਰਗਤੀਸ਼ੀਲ ਲੇਖਣ ਲਹਿਰ ਨੂੰ ਹੋਰ ਸੰਗਠਿਤ ਅਤੇ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਕਾਨਫਰੰਸ ਵਿੱਚ ਯੁੱਧ ਦਾ ਵਿਰੋਧ ਕਰਨ ਅਤੇ ਵਿਸ਼ਵ ਸ਼ਾਂਤੀ ਦੀ ਵਕਾਲਤ ਕਰਨ, ਪ੍ਰਗਟਾਵੇ ਦੀ ਆਜ਼ਾਦੀ ਦਾ ਸਮਰਥਨ ਕਰਨ, ਜਨਤਕ ਸਮਾਰਕਾਂ ਅਤੇ ਮੂਰਤੀਆਂ ਦੀ ਭੰਨਤੋੜ ਦੀ ਨਿੰਦਾ ਕਰਨ ਅਤੇ ਵਿਦਿਆਰਥੀ ਸੰਘਰਸ਼ਾਂ ਨਾਲ ਇਕਜੁੱਟਤਾ ਪ੍ਰਗਟ ਕਰਨ ਦੇ ਮਤੇ ਪਾਸ ਕੀਤੇ ਗਏ। ਇਸ ਮੌਕੇ ਡਾ. ਰਤਨ ਸਿੰਘ ਢਿੱਲੋਂ, ਡਾ. ਅਸ਼ੋਕ ਭਾਟੀਆ, ਅਸ਼ੋਕ ਗਰਗ, ਮਨੋਜ ਛਾਬੜਾ, ਰਾਮ ਕੁਮਾਰ ਜਾਂਗਰਾ, ਰਾਜੇਂਦਰ ਟੋਂਕੀ ਅਤੇ ਗੁਰਦੀਪ ਸਿੰਘ ਮੁਕਦਾਸ ਦੁਆਰਾ ਲਿਖੀਆਂ ਕਿਤਾਬਾਂ ਵੀ ਲਾਂਚ ਕੀਤੀਆਂ ਗਈਆਂ। ਯੂਨੀਕ ਪ੍ਰਕਾਸ਼ਨ ਦੁਆਰਾ ਆਯੋਜਿਤ ਕਿਤਾਬ ਅਤੇ ਮੂਰਤੀ ਪ੍ਰਦਰਸ਼ਨੀ ਇੱਕ ਪ੍ਰਮੁੱਖ ਆਕਰਸ਼ਣ ਸੀ। ਪ੍ਰਲੇਸ ਅਤੇ ਵੱਖ-ਵੱਖ ਸਮਾਨ ਸੋਚ ਵਾਲੇ ਸੰਗਠਨਾਂ ਦੇ ਸੌ ਤੋਂ ਵੱਧ ਪ੍ਰਤੀਨਿਧੀਆਂ ਨੇ ਕਾਨਫਰੰਸ ਵਿੱਚ ਹਿੱਸਾ ਲਿਆ। ਇਸ ਸਮਾਗਮ ਦਾ ਸੰਚਾਲਨ ਡਾ. ਹਰਵਿੰਦਰ ਸਿੰਘ ਸਿਰਸਾ ਅਤੇ ਪ੍ਰੋ. ਗੁਰਦੇਵ ਸਿੰਘ ਦੇਵ ਦੁਆਰਾ ਕੀਤਾ ਗਿਆ।

''ਪੈਗਾਮ-ਏ-ਜਗਤ''
NEWS & WEB CHANNEL
HEAD OFFICE
F 388, Industrial Area,
Sector 74, Sahibzada Ajit
Singh Nagar, Punjab 160071
CONTACT : +91 9878862733, 9872340701
ਛੋਟਾ ਇਸ਼ਤਿਹਾਰ
ਵੱਡਾ ਵਪਾਰ
''ਪੈਗਾਮ-ਏ-ਜਗਤ'' ਵਿੱਚ ਕਿਸੇ ਵੀ ਤਰ੍ਹਾਂ ਦਾ ਕਲਾਸੀਫਾਈਡ ਜੋਤਿਸ਼, ਵਪਾਰ, ਨਾਮ ਪਰਿਵਰਤਨ, ਵਿਆਹ ਸੰਬੰਧੀ ਇਸ਼ਤਿਹਾਰ ਆਦਿ ਲਈ ਘਰ ਬੈਠੇ ਬੁਕਿੰਗ ਕਰੋ।

ਮੋਹਾਲੀ ਵਿਖੇ 8ਵੀਂ ਜ਼ਿਲ੍ਹਾ ਯੋਗਾਸਨ ਚੈਂਪੀਅਨਸ਼ਿਪ ਧੂਮਧਾਮ ਨਾਲ ਸੰਪੰਨ



ਮੋਹਾਲੀ, 31 ਅਗਸਤ (ਪੈ.ਗਾਮ-ਏ-ਜਗਤ)

ਯੋਗਾ ਐਸੋਸੀਏਸ਼ਨ ਮੋਹਾਲੀ ਵੱਲੋਂ ਕਰਵਾਈ ਗਈ 8ਵੀਂ ਜ਼ਿਲ੍ਹਾ ਯੋਗਾਸਨ ਚੈਂਪੀਅਨਸ਼ਿਪ ਧੂਮਧਾਮ ਅਤੇ ਉਤਸ਼ਾਹ ਨਾਲ ਸੰਪੰਨ ਹੋਈ। ਇਸ ਚੈਂਪੀਅਨਸ਼ਿਪ ਵਿੱਚ ਮੋਹਾਲੀ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਅਤੇ ਸੰਸਥਾਵਾਂ ਨਾਲ ਸਬੰਧਤ 155 ਖਿਡਾਰੀਆਂ ਨੇ ਉਤਸ਼ਾਹ ਨਾਲ ਭਾਗ ਲਿਆ।

- **155 ਖਿਡਾਰੀਆਂ ਨੇ ਲਿਆ ਭਾਗ, ਜੇਤੂ ਖਿਡਾਰੀਆਂ ਨੂੰ ਮੈਡਲ ਤੇ ਸਰਟੀਫਿਕੇਟ ਦੇ ਕੇ ਕੀਤਾ ਸਨਮਾਨਿਤ**

ਵੱਖ-ਵੱਖ ਉਮਰ ਵਰਗਾਂ ਵਿੱਚ ਕਰਵਾਏ ਗਏ ਮੁਕਾਬਲਿਆਂ ਦੌਰਾਨ ਖਿਡਾਰੀਆਂ ਨੇ ਆਪਣੀ ਯੋਗਾਸਨ ਕਲਾ, ਅਨੁਸ਼ਾਸਨ ਅਤੇ ਖੇਡ ਭਾਵਨਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਚੈਂਪੀਅਨਸ਼ਿਪ ਦੇ *ਉਦਘਾਟਨੀ ਸਮਾਰੋਹ ਵਿੱਚ ਆਯੂਸ਼ ਵਿਭਾਗ ਪੰਜਾਬ ਵੱਲੋਂ ਡਾਕਟਰ ਪਲਵਿੰਦਰ ਸਿੰਘ ਅਤੇ ਰਜਿੰਦਰ ਗੋਇਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਮੁਕਾਬਲਿਆਂ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਡਾ. ਪਲਵਿੰਦਰ ਸਿੰਘ ਨੇ ਯੋਗਾਸਨ ਨੂੰ ਖੇਡ ਦੇ ਰੂਪ ਵਿੱਚ ਉਤਸ਼ਾਹਿਤ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਯੋਗ ਨਾਲ ਜੋੜਨ ਲਈ ਯੋਗਾ ਐਸੋਸੀਏਸ਼ਨ ਮੋਹਾਲੀ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਰਜਿੰਦਰ ਗੋਇਲ ਨੇ ਸਿਹਤਮੰਦ ਜੀਵਨ ਲਈ ਨਿਯਮਿਤ ਯੋਗ ਅਭਿਆਸ ਦੇ ਨਾਲ-ਨਾਲ ਸੰਤੁਲਿਤ ਅਤੇ ਪੌਸ਼ਟਿਕ ਆਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। *ਸਮਾਪਤੀ ਅਤੇ ਇਨਾਮ ਵੰਡ ਸਮਾਰੋਹ* ਵਿੱਚ ਮੋਹਾਲੀ ਦੇ ਮੇਅਰ ਸਰਬਜੀਤ ਸਿੰਘ, ਖੇਡ ਸਿੱਖਿਆ ਵਿਭਾਗ ਤੋਂ ਸਰਬਜੀਤ ਮੈਡਮ ਅਤੇ ਪ੍ਰੇਮ ਸਿੰਘ ਢਿੱਲੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਵੱਲੋਂ ਵੱਖ-ਵੱਖ ਵਰਗਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਜੇਤੂ ਖਿਡਾਰੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੇਅਰ ਸਰਬਜੀਤ ਸਿੰਘ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਯੋਗ ਸਿਰਫ਼ ਇੱਕ ਖੇਡ ਨਹੀਂ, ਸਗੋਂ ਤੰਦਰੁਸਤ ਅਤੇ ਸੰਤੁਲਿਤ ਜੀਵਨ ਜਿਊਣ ਦਾ ਇੱਕ ਮਹੱਤਵਪੂਰਨ ਸਾਧਨ ਹੈ। ਉਨ੍ਹਾਂ ਨੇ ਬੱਚਿਆਂ ਅਤੇ ਨੌਜਵਾਨਾਂ ਨੂੰ ਨਿਯਮਿਤ ਯੋਗ ਅਭਿਆਸ ਕਰਨ ਅਤੇ ਖੇਡਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ।

ਪੰਜਾਬ ਸਟੇਟ ਯੋਗਾਸਨ ਚੈਂਪੀਅਨਸ਼ਿਪ ਲਈ ਹੋਣਗੇ ਚੁਣੇ ਖਿਡਾਰੀ

ਇਸ ਜ਼ਿਲ੍ਹਾ ਪੱਧਰੀ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਚੁਣੇ ਗਏ ਖਿਡਾਰੀਆਂ ਨੂੰ ਪੰਜਾਬ ਸਟੇਟ ਯੋਗਾਸਨ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਦਾ ਮੌਕਾ ਮਿਲੇਗਾ। ਚੁਣੇ ਗਏ ਖਿਡਾਰੀ ਆਉਣ ਵਾਲੀ ਰਾਜ ਪੱਧਰੀ ਪ੍ਰਤੀਯੋਗਤਾ ਵਿੱਚ ਮੋਹਾਲੀ ਜ਼ਿਲ੍ਹੇ ਦੀ ਨੁਮਾਇੰਦਗੀ ਕਰਨਗੇ। ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਚੁਣੇ ਗਏ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਪੱਧਰ ਤੋਂ ਰਾਜ ਪੱਧਰ ਤੱਕ ਪਹੁੰਚਣਾ ਖਿਡਾਰੀਆਂ ਲਈ ਆਪਣੀ ਪ੍ਰਤਿਭਾ ਨੂੰ ਵੱਡੇ ਮੰਚ 'ਤੇ ਪੇਸ਼ ਕਰਨ ਦਾ ਮਹੱਤਵਪੂਰਨ ਮੌਕਾ ਹੈ।

ਪੂਰੇ ਪ੍ਰੋਗਰਾਮ ਦਾ ਮੰਚ ਸੰਚਾਲਨ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਵਿਦਿਆ ਸਾਗਰ ਵੱਲੋਂ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ। ਚੈਂਪੀਅਨਸ਼ਿਪ ਨੂੰ ਸਫਲ ਬਣਾਉਣ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਵਿਸ਼ਾਲ ਗੋਇਲ, ਜਨਰਲ ਸਕੱਤਰ ਬਲਜੀਤ ਸਿੰਘ, ਕੈਸ਼ੀਅਰ ਰਾਧਾ ਭਟਨਾਗਰ ਅਤੇ ਸਰਗਰਮ ਮੈਂਬਰਾਂ ਤਾਨੀਆ, ਪ੍ਰਗਿਆ ਅਤੇ ਵੀਨਾ ਨੇ ਅਹਿਮ ਭੂਮਿਕਾ ਨਿਭਾਈ। ਐਸੋਸੀਏਸ਼ਨ ਵੱਲੋਂ ਸਾਰੇ ਖਿਡਾਰੀਆਂ, ਕੋਚਾਂ, ਮਾਪਿਆਂ, ਸਕੂਲਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ।

ਪੀਜੀਆਈਐਮਈਆਰ ਨੇ ਸੱਤ ਮਹੀਨਿਆਂ ਦੇ ਬੱਚੇ ਵਿੱਚ ਸਭ ਤੋਂ ਛੋਟੀ ਉਮਰ ਦੇ ਇੱਕੋ ਸਮੇਂ ਦੁਵੱਲੇ ਕੋਕਲੀਅਰ ਇਮਪਲਾਂਟੇਸ਼ਨ ਨਾਲ ਰਾਸ਼ਟਰੀ ਮੀਲ ਪੱਥਰ ਪ੍ਰਾਪਤ ਕੀਤਾ

ਚੰਡੀਗੜ੍ਹ, 31 ਅਗਸਤ (ਪੈ.ਗਾਮ-ਏ-ਜਗਤ)

ਪੋਸਟਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ (ਪੀਜੀਆਈਐਮਈਆਰ), ਦੇ ਓਟੋਲੈਰਿੰਗੋਲੋਜੀ ਵਿਭਾਗ ਨੇ ਅੱਜ *ਸੱਤ ਮਹੀਨਿਆਂ ਦੇ ਬੱਚੇ ਵਿੱਚ ਇੱਕੋ ਸਮੇਂ ਦੁਵੱਲੇ ਕੋਕਲੀਅਰ ਇਮਪਲਾਂਟੇਸ਼ਨ ਸਫਲਤਾਪੂਰਵਕ ਕਰਕੇ ਇੱਕ ਮਹੱਤਵਪੂਰਨ ਮੀਲ ਪੱਥਰ ਪ੍ਰਾਪਤ ਕੀਤਾ।

ਇਹ *ਪ੍ਰਕਿਰਿਆ ਭਾਰਤ ਵਿੱਚ ਕੀਤੇ ਗਏ ਸਭ ਤੋਂ ਘੱਟ ਉਮਰ ਦੇ ਰਿਪੋਰਟ ਕੀਤੇ ਇੱਕੋ ਸਮੇਂ ਦੁਵੱਲੇ ਕੋਕਲੀਅਰ ਇਮਪਲਾਂਟੇਸ਼ਨਾਂ ਵਿੱਚੋਂ ਇੱਕ ਹੈ ਅਤੇ ਜਨਤਕ ਸਿਹਤ ਸੰਭਾਲ ਪ੍ਰਣਾਲੀ ਦੇ ਅੰਦਰ ਸ਼ੁਰੂਆਤੀ ਸੁਣਵਾਈ ਦਖਲਅੰਦਾਜ਼ੀ ਵਿੱਚ ਇੱਕ ਮਹੱਤਵਪੂਰਨ ਤਰੱਕੀ ਨੂੰ ਦਰਸਾਉਂਦੀ ਹੈ*। ਸਰਜਰੀ ਦੀ ਅਗਵਾਈ *ਪ੍ਰੋ. ਰਮਨਦੀਪ ਸਿੰਘ ਵਿਰਕ ਨੇ ਕੀਤੀ। ਆਡੀਓਲੋਜੀ ਅਤੇ ਪੁਨਰਵਾਸ ਟੀਮ ਵਿੱਚ *ਪ੍ਰੋ. ਸੰਜੇ ਮੁੰਜਾਲ, ਡਾ. ਪਾਰੁਲ ਸੂਦ, ਡਾ. ਅਨੁਰਾਧਾ ਅਤੇ ਸ਼੍ਰੀ ਡ੍ਰੇਪਥ ਸ਼ਾਮਲ ਸਨ। ਅਨੱਸਥੀਸੀਓਲੋਜਿਸਟ *ਡਾ. ਨੀਤੀਕਾ ਬਾਂਸਲ, ਅਤੇ ਇਸ ਕੇਸ ਦਾ ਸਮਰਥਨ ਕਰਨ ਵਾਲੇ ਈਐਨਟੀ ਨਿਵਾਸੀ ਡਾ. ਅਨੁਪ੍ਰਿਆ, ਡਾ. ਭੀਸ਼ਮ ਅਤੇ ਡਾ. ਨਾਰਾਇਣ ਸਨ। ਓਪਰੇਟਿੰਗ ਥੀਏਟਰ ਤਕਨੀਕੀ ਸਹਾਇਤਾ ਸ਼੍ਰੀ ਸਾਹੀ ਰਾਮ ਅਤੇ ਸ਼੍ਰੀਮਤੀ ਸ਼ਿਵਨੂਰ ਗਿੱਲ* ਦੁਆਰਾ ਪ੍ਰਦਾਨ ਕੀਤੀ ਗਈ ਸੀ। ਇਹ ਪ੍ਰਾਪਤੀ ਮਾਪਿਆਂ ਅਤੇ ਸਿਹਤ ਸੰਭਾਲ ਪੇਸ਼ੇਵਰਾਂ ਲਈ ਇੱਕ ਮਹੱਤਵਪੂਰਨ ਸੰਦੇਸ਼ ਦਿੰਦੀ ਹੈ ਕਿ *ਬੱਚਿਆਂ ਅਤੇ ਛੋਟੇ ਬੱਚਿਆਂ ਵਿੱਚ ਸੁਣਨ ਸ਼ਕਤੀ ਦਾ ਨੁਕਸਾਨ ਇੱਕ ਵਿਕਾਸ ਸੰਬੰਧੀ ਐਮਰਜੈਂਸੀ ਹੈ ਜਿਸਦੀ ਸਮੇਂ ਸਿਰ ਪਛਾਣ ਅਤੇ ਦਖਲ ਦੀ ਲੋੜ ਹੁੰਦੀ ਹੈ ਹਾਲਾਂਕਿ ਸੁਣਨ ਸ਼ਕਤੀ ਦਾ ਨੁਕਸਾਨ ਇੱਕ ਅਦਿੱਖ ਅਪੰਗਤਾ ਹੈ, ਇਸਦੇ ਇਲਾਜ ਵਿੱਚ ਦੇਰੀ ਕਰਨ ਨਾਲ ਬੱਚੇ ਦੀ ਬੋਲੀ, ਭਾਸ਼ਾ, ਸਿੱਖਣ ਅਤੇ ਸਮੁੱਚੇ ਵਿਕਾਸ 'ਤੇ ਡੂੰਘਾ ਅਸਰ ਪੈ ਸਕਦਾ ਹੈ।

ਸ਼ੁਰੂਆਤੀ ਸੁਣਵਾਈ ਦੀ ਜਾਂਚ, ਸਹੀ ਨਿਦਾਨ, ਸੰਕੇਤ ਦਿੱਤੇ ਜਾਣ 'ਤੇ ਸਮੇਂ ਸਿਰ ਕੋਕਲੀਅਰ ਇਮਪਲਾਂਟੇਸ਼ਨ, ਅਤੇ ਇਮਪਲਾਂਟ ਤੋਂ ਬਾਅਦ ਇਕਸਾਰ ਪੁਨਰਵਾਸ ਬੱਚਿਆਂ ਨੂੰ ਉਮਰ-ਮੁਤਾਬਕ ਸੁਣਨ ਅਤੇ ਸੰਚਾਰ ਯੋਗਤਾਵਾਂ ਨੂੰ ਵਿਕਸਤ ਕਰਨ ਦਾ ਸਭ ਤੋਂ ਵਧੀਆ ਮੌਕਾ ਪ੍ਰਦਾਨ ਕਰ ਸਕਦਾ ਹੈ।

ਪੀਜੀਆਈਐਮਈਆਰ ਸ਼ੁਰੂਆਤੀ ਨਿਦਾਨ, ਵਿਸ਼ੇਸ਼ ਸਰਜੀਕਲ ਮੁਹਾਰਤ, ਉਦੇਸ਼ਪੂਰਨ ਇੰਟਰਾਓਪਰੇਟਿਵ ਮੁਲਾਂਕਣ, ਸਬੂਤ-ਅਧਾਰਤ ਪ੍ਰੋਗਰਾਮਿੰਗ ਅਤੇ ਲੰਬੇ ਸਮੇਂ ਦੇ ਆਡੀਟੋਰੀ ਪੁਨਰਵਾਸ ਦੁਆਰਾ ਵਿਆਪਕ ਕੋਕਲੀਅਰ ਇਮਪਲਾਂਟ ਅਤੇ ਆਡੀਟੋਰੀ ਬ੍ਰੇਨਸਟੈਮ ਇਮਪਲਾਂਟ ਦੇਖਭਾਲ ਨੂੰ ਅੱਗੇ ਵਧਾਉਣ ਲਈ ਵਚਨਬੱਧ ਹੈ।

'ਖੇਡਾਂ ਵਤਨ ਪੰਜਾਬ ਦੀਆਂ' ਦੇ ਉਦਘਾਟਨ 'ਤੇ ਕਲਾਕਾਰਾਂ ਦੀ ਪੇਸ਼ਕਾਰੀ ਨੂੰ ਲੈ ਕੇ ਸਿਆਸੀ ਤਕਰਾਰ

5 ਸਤੰਬਰ ਨੂੰ ਬਠਿੰਡਾ 'ਚ ਹੋਵੇਗਾ ਉਦਘਾਟਨ, ਗੁਰਦਾਸ ਮਾਨ ਤੇ ਕੁਲਵਿੰਦਰ ਬਿੱਲਾ ਕਰਨਗੇ ਪੇਸ਼ਕਾਰੀ

ਬਠਿੰਡਾ, 31 ਅਗਸਤ (ਪੈ.ਗਾਮ-ਏ-ਜਗਤ)

ਲਗਭਗ ਇੱਕ ਸਾਲ ਦੇ ਵਕਫ਼ੇ ਮਗਰੋਂ 5 ਸਤੰਬਰ ਤੋਂ ਸ਼ੁਰੂ ਹੋ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2' ਦਾ ਉਦਘਾਟਨ ਬਠਿੰਡਾ ਵਿੱਚ ਹੋਵੇਗਾ। ਉਦਘਾਟਨੀ ਸਮਾਰੋਹ ਵਿੱਚ ਪ੍ਰਸਿੱਧ ਪੰਜਾਬੀ ਗਾਇਕ ਗੁਰਦਾਸ ਮਾਨ ਅਤੇ ਕੁਲਵਿੰਦਰ ਬਿੱਲਾ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਸਮਾਰੋਹ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਿਆਰੀਆਂ ਜ਼ੋਰਾਂ 'ਤੇ ਹਨ।



ਮੁੱਖ ਮੰਤਰੀ ਦੇ ਦੌਰੇ ਮੌਕੇ ਪਲਸਤਰ ਕੀਤੀ ਜਾ ਰਹੀ ਸਟੇਡੀਅਮ ਦੀ ਕੰਧ

ਜਾਣਕਾਰੀ ਅਨੁਸਾਰ ਗੁਰਦਾਸ ਮਾਨ ਦੇ ਇੱਕ ਸ਼ੋਅ ਦੀ ਫੀਸ ਕਰੀਬ 15 ਤੋਂ 20 ਲੱਖ ਰੁਪਏ, ਜਦਕਿ ਕੁਲਵਿੰਦਰ ਬਿੱਲਾ ਦੀ ਫੀਸ 5 ਤੋਂ 7 ਲੱਖ ਰੁਪਏ ਦੱਸੀ ਜਾ ਰਹੀ ਹੈ। ਇਨ੍ਹਾਂ ਖਰਚਿਆਂ ਨੂੰ ਲੈ ਕੇ ਵਿਰੋਧੀ ਧਿਰਾਂ ਅਤੇ ਮੁਲਾਜ਼ਮ ਜਥੇਬੰਦੀਆਂ ਨੇ ਸਰਕਾਰ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਮੁਲਾਜ਼ਮ ਆਪਣੇ ਬਕਾਏ ਲਈ ਸੰਘਰਸ਼ ਕਰ ਰਹੇ ਹਨ ਤਾਂ ਸਮਾਗਮਾਂ 'ਤੇ ਵੱਡੀ ਰਕਮ ਖਰਚ ਕਰਨਾ ਉਚਿਤ ਨਹੀਂ।

ਬਠਿੰਡਾ ਦੇ ਬਹੁਮੰਤਵੀ ਖੇਡ ਸਟੇਡੀਅਮ ਵਿੱਚ ਸਮਾਗਮ ਦੀਆਂ ਤਿਆਰੀਆਂ ਤਹਿਤ ਚਾਰਦੀਵਾਰੀ ਦੀ ਮੁਰੰਮਤ, ਪਲਸਤਰ, ਰੰਗ-ਰੋਗਨ ਅਤੇ ਹੋਰ ਕੰਮ ਕਰਵਾਏ ਜਾ ਰਹੇ ਹਨ। 19 ਅਗਸਤ ਦੀ ਭਾਰੀ ਬਾਰਸ਼ ਕਾਰਨ ਨੁਕਸਾਨੀਆਂ ਇੰਟਰਲਾਕਿੰਗ ਟਾਈਲਾਂ ਨੂੰ ਵੀ ਠੀਕ ਕੀਤਾ ਗਿਆ ਹੈ। ਸਮਾਗਮ ਵਿੱਚ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਨੂੰ ਸੱਦੇ ਭੇਜੇ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਸਮੇਤ ਕਈ ਆਗੂਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ।

ਤਿਆਰੀਆਂ ਜਾਰੀ: ਡਿਪਟੀ ਕਮਿਸ਼ਨਰ

ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਕਿਹਾ ਕਿ 5 ਸਤੰਬਰ ਦੇ ਉਦਘਾਟਨੀ ਸਮਾਰੋਹ ਲਈ ਵਿਆਪਕ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਪੁਸ਼ਟੀ ਕੀਤੀ ਕਿ ਗੁਰਦਾਸ ਮਾਨ ਅਤੇ ਕੁਲਵਿੰਦਰ ਬਿੱਲਾ ਸਮਾਗਮ ਵਿੱਚ ਪੇਸ਼ਕਾਰੀ ਕਰਨਗੇ।

ਸਰਕਾਰ 'ਤੇ ਸਵਾਲ: ਅਧਿਆਪਕ ਜਥੇਬੰਦੀ

ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਨੇ ਦੋਸ਼ ਲਾਇਆ ਕਿ ਸਰਕਾਰ ਸਿਆਸੀ ਲਾਹੇ ਲਈ ਕਲਾਕਾਰਾਂ 'ਤੇ ਪੈਸਾ ਖਰਚ ਰਹੀ ਹੈ, ਜਦਕਿ ਸਕੂਲਾਂ ਵਿੱਚ ਖੇਡ ਸਹੂਲਤਾਂ ਅਤੇ ਸਰੀਰਕ ਸਿੱਖਿਆ ਅਧਿਆਪਕਾਂ ਦੀ ਘਾਟ ਹੈ। ਉਨ੍ਹਾਂ ਸਰਕਾਰ ਤੋਂ ਸਕੂਲਾਂ ਵਿੱਚ ਬੁਨਿਆਦੀ ਖੇਡ ਢਾਂਚਾ ਮੁਹੱਈਆ ਕਰਵਾਉਣ ਦੀ ਮੰਗ ਕੀਤੀ।

ਭਾਜਪਾ ਬੁਲਾਰੇ ਪ੍ਰਿਤਪਾਲ ਸਿੰਘ ਬਲੀਏਵਾਲ ਨੇ ਵੀ ਕਲਾਕਾਰਾਂ 'ਤੇ ਖਰਚ ਨੂੰ ਫਜ਼ੂਲਖਰਚੀ ਕਰਾਰ ਦਿੰਦਿਆਂ ਕਿਹਾ ਕਿ ਇਹ ਰਕਮ ਖਿਡਾਰੀਆਂ ਅਤੇ ਸਟੇਡੀਅਮਾਂ ਦੀਆਂ ਸਹੂਲਤਾਂ 'ਤੇ ਖਰਚ ਹੋਣੀ ਚਾਹੀਦੀ ਹੈ।

ਉੱਧਰ, ਆਮ ਆਦਮੀ ਪਾਰਟੀ ਦੇ ਬੁਲਾਰੇ ਅਨਿਲ ਠਾਕੁਰ ਨੇ ਦੋਸ਼ਾਂ ਨੂੰ ਨਿਰਾਧਾਰ ਦੱਸਦਿਆਂ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਦਾ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਨਾਮੀ ਗਾਇਕਾਂ ਦੀ ਸ਼ਮੂਲੀਅਤ ਵੀ ਨਸ਼ਾ ਵਿਰੋਧੀ ਮੁਹਿੰਮ ਨੂੰ ਮਜ਼ਬੂਤ ਕਰਨ ਦਾ ਇੱਕ ਯਤਨ ਹੈ।

ਪ੍ਰਿੰ. ਬਹਾਦਰ ਸਿੰਘ ਗੋਸਲ ਵੱਲੋਂ ਅਕਾਲ ਅਕੈਡਮੀ ਚੱਕ ਦੇਸਰਾਜ ਦੀ ਲਾਇਬ੍ਰੇਰੀ ਨੂੰ ਪੁਸਤਕਾਂ ਭੇਟ



ਚੰਡੀਗੜ੍ਹ, 31 ਅਗਸਤ (ਪੈ.ਗਾਮ-ਏ-ਜਗਤ)

ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਦੇ ਸੈਕਟਰ-41 (ਬਡਹੇੜੀ) ਸਥਿਤ ਦਫਤਰ ਵਲੋਂ ਜਾਰੀ ਇਕ ਪ੍ਰੈਸ ਨੋਟ ਵਿਚ ਦੱਸਿਆ ਗਿਆ ਹੈ ਕਿ ਸੰਸਥਾ ਦੇ ਪ੍ਰਧਾਨ ਪ੍ਰਿੰ. ਬਹਾਦਰ ਸਿੰਘ ਗੋਸਲ ਵਲੋਂ ਆਪਣੀ ਵਿਸ਼ੇਸ਼ ਫੇਰੀ ਦੌਰਾਨ ਅਕਾਲ ਅਕੈਡਮੀ ਚੱਕ ਦੇਸਰਾਜ ਵਿਖੇ ਲਾਇਬ੍ਰੇਰੀ ਲਈ ਆਪਣੀਆਂ ਰਚਿਤ ਪੁਸਤਕਾਂ ਭੇਟ ਕੀਤੀਆਂ। ਉਨ੍ਹਾਂ ਨੇ ਇਹ ਪੁਸਤਕਾਂ ਅਕੈਡਮੀ ਦੀ ਪ੍ਰਿੰਸੀਪਲ ਮੈਡਮ ਪ੍ਰਦੀਪ ਕੌਰ ਅਤੇ ਅਕੈਡਮੀ ਦੇ ਚੋਣਵੇਂ ਵਿਦਿਆਰਥੀਆਂ ਨੂੰ ਭੇਟ ਕੀਤੀਆਂ।

ਇਸ ਸਮੇਂ ਉਨ੍ਹਾਂ ਨਾਲ ਡਾ. ਜਗਦੀਪ ਸਿੰਘ ਅਤੇ ਅਕੈਡਮੀ ਦੇ ਕਈ ਅਧਿਆਪਕ ਵੀ ਹਾਜ਼ਰ ਸਨ। ਜਿਹੜੀਆਂ ਪੁਸਤਕਾਂ ਅਕਾਲ ਅਕੈਡਮੀ ਦੀ ਲਾਇਬ੍ਰੇਰੀ ਲਈ ਭੇਟ ਕੀਤੀਆਂ ਗਈਆਂ ਉਨ੍ਹਾਂ ਵਿੱਚ ਪ੍ਰਿੰ. ਗੋਸਲ ਰਚਿਤ ਪੁਸਤਕਾਂ, 'ਸ੍ਰੀ ਦਸਮੇਸ਼ ਜੀ ਦੇ ਧਰਮ ਯੁੱਧ', 'ਵਿਰਾਸਤੀ ਹਵੇਲੀਆਂ', 'ਮਿੱਠੀਆਂ ਮਿੱਠੀਆਂ ਰੱਬ ਨੂੰ ਚਿੱਠੀਆਂ', 'ਨੱਕਲੀ ਸੱਪ', 'ਆਓ ਬੱਚਿਓ ਕਵਿਤਾਵਾਂ ਗਾਈਏ', 'ਆਓ ਲਿਖੀਏ ਤਕਦੀਰ ਦੇਸ਼ ਦੀ', 'ਕੁੱਲੀ ਵਾਲਾ ਬਾਬਾ', 'ਮੇਰੀਆਂ ਸ਼੍ਰੇਸ਼ਠ ਬਾਲ ਕਹਾਣੀਆਂ', 'ਦਾਦੀ ਦਾ ਡੱਬੀਦਾਰ ਕੰਬਲ' 'ਸਿੱਖ ਇਤਿਹਾਸ ਦੇ ਅਜਬ ਪੰਨੇ', 'ਮੇਰੇ ਚੋਣਵੇਂ ਪੰਜਾਬੀ ਲੇਖ' ਅਤੇ ਹੋਰ ਪੁਸਤਕਾਂ ਵੀ ਸ਼ਾਮਲ ਸਨ। ਵਿਦਿਆਰਥੀ ਇਨ੍ਹਾਂ ਪੁਸਤਕਾਂ ਨੂੰ ਲੈ ਕੇ ਬਹੁਤ ਖੁਸ਼ ਹੋਏ ਅਤੇ ਪੂਰੀ ਲਗਨ ਨਾਲ ਇਨ੍ਹਾਂ ਨੂੰ ਪੜ੍ਹਨ ਦਾ ਪ੍ਰਣ ਕੀਤਾ। ਇਸ ਮੌਕੇ ਤੇ ਬੋਲਦਿਆਂ ਪ੍ਰਿੰ. ਬਹਾਦਰ ਸਿੰਘ ਗੋਸਲ ਨੇ ਬੱਚਿਆਂ ਨੂੰ ਚੰਗਾ ਪੜ੍ਹਨ ਅਤੇ ਆਪ ਵੀ ਪੰਜਾਬੀ ਵਿਚ ਲਿਖਣ ਦੀ ਮੁਹਾਰਤ ਪੈਦਾ ਕਰਨ ਲਈ ਪ੍ਰੇਰਣਾ ਦਿੱਤੀ।

ਅਕੈਡਮੀ ਦੀ ਪ੍ਰਿੰਸੀਪਲ ਸ੍ਰੀ ਮਤੀ ਪ੍ਰਦੀਪ ਕੌਰ ਨੇ ਪ੍ਰਿੰ. ਗੋਸਲ ਨੂੰ 125 ਪੁਸਤਕਾਂ ਲਿਖਣ ਲਈ ਵਧਾਈ ਦੇਂਦੇ ਹੋਏ ਅਕੈਡਮੀ ਦੀ ਲਾਇਬ੍ਰੇਰੀ ਲਈ ਪੁਸਤਕਾਂ ਭੇਟ ਕਰਨ ਲਈ ਧੰਨਵਾਦ ਕੀਤਾ ਅਤੇ ਯਕੀਨ ਦੁਆਇਆ ਕਿ ਅਕੈਡਮੀ ਦੇ ਸਮੂਹ ਅਧਿਆਪਕ ਅਤੇ ਬੱਚੇ ਇਨ੍ਹਾਂ ਪੁਸਤਕਾਂ ਦਾ ਖੂਬ ਲਾਭ ਲੈਣਗੇ ਅਤੇ ਇਹ ਪੁਸਤਕਾਂ ਉਨ੍ਹਾਂ ਦੀ ਲਾਇਬ੍ਰੇਰੀ ਦਾ ਵਧੀਆ ਸ਼ਿੰਗਾਰ ਬਨਣਗੀਆਂ।

ਇਸ ਮੌਕੇ ਡਾ. ਜਗਦੀਪ ਸਿੰਘ ਨੇ ਵੀ ਬੱਚਿਆਂ ਨੂੰ ਖੂਬ ਮਿਹਨਤ ਕਰਨ ਅਤੇ ਹਰ ਖੇਤਰ ਵਿਚ ਅਗਾਂਹ ਵਧਣ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

ਉੱਤਰੀ ਰੇਲਵੇ ਨੇ ਸ਼ਿਮਲਾ-ਕਾਲਕਾ ਰੇਲ ਸੈਕਸ਼ਨ 'ਤੇ ਜ਼ਮੀਨ ਖਿਸਕਣ 'ਤੇ 400 ਤੋਂ ਵੱਧ ਯਾਤਰੀਆਂ ਦੀ ਸੁਰੱਖਿਅਤ ਅਤੇ ਸੁਚਾਰੂ ਆਵਾਜਾਈ ਨੂੰ ਯਕੀਨੀ ਬਣਾਇਆ

ਪੈ.ਗਾਮ-ਏ-ਜਗਤ/ਅੰਬਾਲਾ 31 ਅਗਸਤ (ਆਰ.ਸਿੰਘ)



ਸ਼ਿਮਲਾ-ਕਾਲਕਾ ਯੂਨੈਸਕੋ ਵਰਲਡ ਹੈਰੀਟੇਜ ਰੇਲ ਸੈਕਸ਼ਨ 'ਤੇ ਕੋਟੀ ਅਤੇ ਘੁੰਮਣ ਸਟੇਸ਼ਨਾਂ ਵਿਚਕਾਰ ਪੁਲ ਨੰਬਰ 57 (ਕਿਲੋਮੀਟਰ 7/16-17) ਦੇ ਨੇੜੇ ਜ਼ਮੀਨ ਖਿਸਕਣ ਤੋਂ ਬਾਅਦ ਪੈਦਾ ਹੋਏ ਹਾਲਾਤ ਨੂੰ ਮੁੱਖ ਰੱਖਦਿਆਂ ਉੱਤਰੀ ਰੇਲਵੇ ਦੇ ਸਟਾਫ ਨੇ ਯਾਤਰੀਆਂ ਨੂੰ ਕਿਸੇ ਵੀ ਅਸੁਵਿਧਾ ਤੋਂ ਬਚਾਉਂਦੇ ਹੋਏ ਇੱਕ ਤੇਜ਼ ਅਤੇ ਨਿਰਵਿਘਨ ਬਚਾਅ ਕਾਰਜ ਕੀਤਾ।

ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਉਣ ਵਾਲੀਆਂ ਚਾਰ ਰੇਲਗੱਡੀਆਂ ਨੂੰ ਤੁਰੰਤ ਉਨ੍ਹਾਂ ਦੇ ਨਿਰਧਾਰਿਤ ਸਟੇਸ਼ਨਾਂ 'ਤੇ ਰੋਕ ਦਿੱਤਾ ਗਿਆ। ਟਰੇਨ ਨੰਬਰ 52456: ਸੋਲਨ, ਟਰੇਨ ਨੰਬਰ 52452: ਕੋਟੀ, ਟਰੇਨ ਨੰਬਰ 52460 ਅਤੇ 52454: ਧਰਮਪੁਰ ਰੋਕ ਦਿੱਤਾ ਗਿਆ। ਵਿਪਿਨ ਪੌਡਵਾਲ ਕਾਲਕਾ ਅਤੇ ਦਰਸ਼ਨ ਸਿੰਘ ਗਿੱਲ ਸ਼ਿਮਲਾ ਦੇ ਸਿੱਧੇ ਤਾਲਮੇਲ ਹੇਠ ਸਥਾਨਕ ਸੰਚਾਲਨ ਟੀਮਾਂ ਨੂੰ ਬਿਨਾਂ ਕਿਸੇ ਦੇਰੀ ਦੇ ਜੁਟਾ ਦਿੱਤਾ ਗਿਆ। ਰੇਲਵੇ ਸਟਾਫ ਨੇ ਸੋਲਨ, ਕੋਟੀ ਅਤੇ ਧਰਮਪੁਰ ਵਿਚ ਫਸੇ ਯਾਤਰੀਆਂ ਨੂੰ ਲਿਆਉਣ ਲਈ 7 ਵਾਹਨਾਂ (5 ਵੱਡੀਆਂ ਬੱਸਾਂ ਅਤੇ 2 ਟੈਂਪੂ ਟਰੈਵਲਰ) ਦਾ ਵਿਸ਼ੇਸ਼ ਪ੍ਰਬੰਧ ਕੀਤਾ। ਲਗਭਗ 391 ਯਾਤਰੀਆਂ, 40 ਰੇਲ ਚਾਲਕ ਦਲ ਅਤੇ ਆਈਆਰਸੀਟੀਸੀ ਕਰਮਚਾਰੀਆਂ ਨੂੰ ਸੁਰੱਖਿਅਤ ਕਾਲਕਾ ਸਟੇਸ਼ਨ ਵਾਪਸ ਲਿਆਂਦਾ ਗਿਆ। ਵਿਪਿਨ ਪੌਡਵਾਲ ਅਤੇ ਔਨ ਬੋਰਡ ਟੀਟੀਈ ਸਟਾਫ ਨੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਿੱਜੀ ਤੌਰ 'ਤੇ ਕਾਫ਼ਲੇ ਦੀ ਨਿਗਰਾਨੀ ਕੀਤੀ। ਕਾਲਕਾ ਸਟੇਸ਼ਨ 'ਤੇ ਪਹੁੰਚਣ 'ਤੇ ਸਾਰੇ ਯਾਤਰੀਆਂ ਨੂੰ 250 ਤਾਜ਼ੇ ਭੋਜਨ ਪੈਕਟ ਅਤੇ ਪਾਣੀ ਦੀਆਂ ਬੋਤਲਾਂ ਵੰਡੀਆਂ ਗਈਆਂ। ਸਥਾਨਕ ਯਾਤਰੀ ਆਪਣੀਆਂ ਮੰਜ਼ਿਲਾਂ ਲਈ ਆਰਾਮ ਨਾਲ ਰਵਾਨਾ ਹੋਏ।

ਲਗਭਗ 120 ਯਾਤਰੀਆਂ ਨੂੰ ਟਰੇਨ ਨੰਬਰ 13052 ਵਿਚ ਬਿਠਾਇਆ ਗਿਆ ਜਿਸ ਨੂੰ ਵਿਸ਼ੇਸ਼ ਤੌਰ 'ਤੇ ਦੁਪਹਿਰ 01:30 ਵਜੇ ਲਈ ਰੀ-ਸ਼ਡਿਊਲ ਕੀਤਾ ਗਿਆ ਸੀ। ਉੱਤਰੀ ਰੇਲਵੇ ਸਟਾਫ ਦੀ ਹਮਦਰਦੀ ਭਰੀ ਦੇਖਭਾਲ ਦੇ ਕਾਰਨ ਕਾਲਕਾ ਸਟੇਸ਼ਨ 'ਤੇ ਬਿਨਾਂ ਕਿਸੇ ਯਾਤਰੀ ਸ਼ਿਕਾਇਤ ਜਾਂ ਰਿਫੰਡ ਬੇਨਤੀਆਂ ਦੇ ਪੂਰਾ ਕਾਰਜ ਸੁਚਾਰੂ ਢੰਗ ਨਾਲ ਪੂਰਾ ਹੋਇਆ।

ਉੱਤਰੀ ਰੇਲਵੇ ਦਾ ਦਾਅਵਾ ਹੈ ਕਿ ਰੇਲਵੇ ਅਚਾਨਕ ਮੌਸਮ ਦੀਆਂ ਚੁਣੌਤੀਆਂ ਦੇ ਬਾਵਜੂਦ, ਯਾਤਰੀ ਸੁਰੱਖਿਆ ਅਤੇ ਸੰਚਾਲਨ ਉੱਤਮਤਾ ਨੂੰ ਤਰਜੀਹ ਦੇਣ ਲਈ ਵਚਨਬੱਧ ਹੈ।

ਕਿਸਾਨ ਮਜ਼ਦੂਰ ਮੋਰਚਾ ਚੈਪਟਰ ਦੇ ਸੱਦੇ ਤਹਿਤ ਅੱਜ ਡੀ.ਸੀ. ਦਫਤਰ ਫਿਰੋਜ਼ਪੁਰ ਅੱਗੇ ਵਿਸ਼ਾਲ ਰੋਸ ਧਰਨਾ ਦੇ ਕੇ ਦਿੱਤਾ ਮੰਗ ਪੱਤਰ

ਸ਼ੰਭੂ, ਖਨੌਰੀ ਮੋਰਚਿਆਂ ਵਿੱਚ ਚੋਰੀ ਹੋਏ ਸਮਾਨ ਦੀ ਕੀਤੀ ਜਾਵੇ ਭਰਪਾਈ

ਪੈ.ਗਾਮ-ਏ-ਜਗਤ/ਫਿਰੋਜ਼ਪੁਰ 31 ਅਗਸਤ (ਗੁਰਮੇਜ ਸਿੰਘ)



ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਤਹਿਤ ਅੱਜ ਡੀਸੀ ਦਫ਼ਤਰ ਫ਼?ਰੋਜ਼ਪੁਰ ਦੇ ਦਫ਼ਤਰ ਅੱਗੇ ਵਿਸ਼ਾਲ ਰੋਸ ਧਰਨਾ ਦੇ ਕੇ ਪੰਜਾਬ ਸਰਕਾਰ ਦੇ ਨਾਮ 43 ਫਿਰੋਜ਼ਪੁਰ ਰਾਹੀਂ ਮੰਗ ਪੱਤਰ ਦਿੰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, BKU ਬਹਿਰਾਮ ਕੇ ਚਮਕੌਰ ਸਿੰਘ ਉਸਮਾਨਵਾਲਾ, BKU ਕ੍ਰਾਂਤੀਕਾਰੀ ਬਲਦੇਵ ਸਿੰਘ ਜੀਰਾ, ਕਿਸਾਨ ਮਜ਼ਦੂਰ ਮੋਰਚਾ ਮਲਕੀਤ ਸਿੰਘ ਗੁਲਾਮੀ ਵਾਲਾ ਨੇ ਕਿਹਾ ਕਿ ਪੰਜਾਬ ਦੀ ਖੇਤੀਬਾੜੀ ,ਜਮੀਨ, ਰੁਜ਼ਗਾਰ ਤੇ ਪੇਂਡੂ ਅਰਥ-ਚਾਰੇ ਨਾਲ ਜੁੜੇ ਗੰਭੀਰ ਮਸਲਿਆਂ ਦਾ ਹੱਲ ਕਰਨ ਦੀ ਬਜਾਏ ਸਰਕਾਰਾਂ ਅਜਿਹੀਆਂ ਨੀਤੀਆਂ ਲਾਗੂ ਕਰ ਰਹੀਆਂ ਹਨ ਜਿਸ ਨਾਲ ਵੱਧ ਕਿਸਾਨਾਂ, ਮਜ਼ਦੂਰਾਂ ਤੇ ਪਿੰਡ ਦੇ ਲੋਕਾਂ ਨੂੰ ਪ੍ਰਭਾਵਿਤ ਹੋਣਾ ਪੈਣਾ ਹੈ, ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬੀਜ ਬਿੱਲ ਐਕਟ 2025, ਜੀ ਰਾਮ ਜੀ ਐਕਟ 2025, ਬਿਜਲੀ ਸੋਧ ਬਿਲ ਨੂੰ ਰੱਦ ਕਰਕੇ ਪ੍ਰੀਪੇਡ ਮੀਟਰ ਲਾਉਣੇ ਬੰਦ ਕੀਤੇ ਜਾਣ, ਭਾਰਤ-ਅਮਰੀਕਾ ਵਪਾਰਕ ਸਮਝੌਤੇ ਰੱਦ ਕਰਨ ਦੇ ਨਾਲ ਨਾਲ ਸ਼ੰਭੂ ਤੇ ਖਨੌਰੀ ਮੋਰਚਿਆਂ ਵਿਚੋਂ ਕਿਸਾਨਾਂ ਦੀਆਂ ਟਰਾਲੀਆਂ ਸਮੇਤ ਜਬਤ ਤੇ ਲੁੱਟਿਆ ਸਮਾਨ ਵਾਪਸ ਕੀਤਾ ਜਾਵੇ।

ਆਬਾਦਕਰ ਕਿਸਾਨਾਂ ਨੂੰ ਪੱਕੇ ਮਾਲਕੀ ਹੱਕ ਦਿੱਤੇ ਜਾਣ, ਪੰਜਾਬ ਦੀ ਸਰਕਾਰ ਲੈਂਡ ਪੂਲਿੰਗ ਨੀਤੀ ਵਾਪਸ ਕਰਕੇ ਭਾਰਤ ਮਾਲਾ ਪ੍ਰੋਜੈਕਟ ਤਹਿਤ ਕਿਸੇ ਵੀ ਪ੍ਰੋਜੈਕਟ ਲਈ ਕਿਸਾਨਾਂ ਦੀ ਜਮੀਨ ਉਹਨਾਂ ਦੀ ਸਹਿਮਤੀ ਨਾਲ ਉਚਿਤ ਮੁਆਵਜੇ ਦੇ ਕੇ ਲਈ ਜਾਵੇ, ਪੰਜਾਬ ਸਰਕਾਰ ਵੱਲੋਂ ਬਾਸਮਤੀ, ਮੱਕੀ, ਮੂੰਗੀ, ਸਰੋਂ ਤੇ ਆਲੂ ਦੀ ਫਸਲ ਆਪਣੇ ਪੱਧਰ ਤੇ MSP ਤੋਂ ਉੱਪਰ ਲਾਭਕਾਰੀ ਭਾਅ ਤੇ ਖਰੀਦ ਯਕੀਨੀ ਬਣਾਈ ਜਾਵੇ ਤੇ ਕਿਸਾਨਾਂ ਦੀ ਮੰਡੀਆਂ ਵਿੱਚ ਹੋ ਰਹੀ ਲੁੱਟ ਨੂੰ ਬੰਦ ਕੀਤਾ ਜਾਵੇ, ਕਿਸਾਨਾਂ ਮਜ਼ਦੂਰਾਂ ਦਾ ਸਮੁੱਚਾ ਕਰਜਾ ਖਤਮ ਕੀਤਾ ਜਾਵੇ ਤੇ ਹੜਾਂ ਨਾਲ ਹੋਏ ਪਿਛਲੇ ਨੁਕਸਾਨ ਦੀ ਭਰਪਾਈ ਤੇ ਪਾਣੀ ਦੇ ਵੱਧ ਰਹੇ ਪ੍ਰਦੂਸ਼ਣ ਦੇ ਸੰਕਟ ਨੂੰ ਹੱਲ ਕਰਨ ਲਈ ਠੋਸ ਨੀਤੀ ਬਣਾ ਕੇ ਕੰਮ ਕੀਤਾ ਜਾਵੇ, ਮਨਰੇਗਾ ਨੂੰ ਪਹਿਲੇ ਸਰੂਪ ਵਿੱਚ ਨਿਰੰਤਰ ਜਾਰੀ ਰੱਖਿਆ ਜਾਵੇ। ਮੱਲਾਂਵਾਲਾ ਤੋਂ ਪੱਟੀ ਘਰਿਆਲਾ ਰੇਲਵੇ ਲਾਈਨ ਕਿਸਾਨਾਂ ਦੀ ਸਹਿਮਤੀ ਲਈ ਜਾਵੇ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ,ਧਰਮ ਸਿੰਘ ਸਿੱਧੂ, ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ, ਅਮਨਦੀਪ ਸਿੰਘ ਕੱਚਰਭੰਨ,ਰਣਜੀਤ ਸਿੰਘ ਖੱਚਰ ਵਾਲਾ, ਹਰਫੂਲ ਸਿੰਘ ਦੂਲੇਵਾਲਾ, ਗੁਰਮੇਲ ਸਿੰਘ ਫੱਤੇਵਾਲਾ ਨਰਿੰਦਰਪਾਲ ਸਿੰਘ ਜਤਾਲਾ, ਸੁਰਜੀਤ ਸਿੰਘ ਫੌਜੀ, ਬਹਿਰਾਮ ਕੇ ਜਥੇਬੰਦੀ ਤੋਂ ਜ਼ਿਲ੍ਹਾ ਪ੍ਰਧਾਨ ਦਿਲਬਾਗ ਸਿੰਘ, ਗੁਰਬਾਜ਼ ਸਿੰਘ, ਵੀਰ ਸਿੰਘ, ਕ੍ਰਾਂਤੀਕਾਰੀ ਤੋਂ ਜਿਲਾ ਪਧਾਨ ਗੁਰਪ੍ਰੀਤ ਸਿੰਘ, ਗੁਰਭਾਗ ਸਿੰਘ ਮਰੂੜ, ਜੁਗਰਾਜ ਸਿੰਘ, ਆਦਿ ਆਗੂ ਹਾਜ਼ਰ ਸਨ।

70ਵੀਆਂ ਜਿਲ੍ਹਾ ਪੱਧਰੀ ਸਕੂਲ ਖੇਡਾਂ ਦੇ ਚੌਥੇ ਦਿਨ ਖ਼ਿਡਾਰੀਆਂ ਨੂੰ ਅਸ਼ੀਰਵਾਦ ਦੇਣ ਲਈ ਚੇਅਰਮੈਨ ਕੰਵਰ ਇਕਬਾਲ ਨੇ ਕੀਤੀ ਸ਼ਿਰਕਤ

ਕਪੂਰਥਲਾ/ਪੈਗਾਮ-ਏ-ਜਗਤ (ਜੱਸਪ੍ਰੀਤ ਸਿੰਘ "ਧਿੰਜਣ)



ਸਥਾਨਿਕ ਗੁਰੂ ਨਾਨਕ ਸਟੇਡੀਅਮ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਕਪੂਰਥਲਾ ਮੈਡਮ ਮਮਤਾ ਬਜਾਜ ਰਾਜੇਸ਼ ਕੁਮਾਰ ਭੱਲਾ ਦੀ ਅਗਵਾਈ ਹੇਠ ਚੱਲ ਰਹੀਆਂ 70ਵੀਆਂ ਜਿਲ੍ਹਾ ਪੱਧਰੀ ਸਕੂਲ ਖੇਡਾਂ ਦੇ ਟੂਰਨਾਮੈਂਟ ਦੇ ਚੌਥੇ ਦਿਨ

- **ਪੰਜਾਬ ਦੀ ਮਾਨ ਸਰਕਾਰ ਖੇਡਾਂ ਅਤੇ ਖ਼ਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਵੱਡੇ ਪੱਧਰ ਉੱਤੇ ਉਪਰਾਲੇ ਕਰ ਰਹੀ ਹੈ : ਕੰਵਰ ਇਕਬਾਲ**

ਖ਼ਿਡਾਰੀਆਂ ਨੂੰ ਅਸ਼ੀਰਵਾਦ ਦੇਣ ਲਈ ਐਕਸਾਈਜ਼ ਅਤੇ ਟੈਕਸੇਸ਼ਨ ਵਿਭਾਗ ਕਪੂਰਥਲਾ ਦੇ ਜਿਲ੍ਹਾ ਚੇਅਰਮੈਨ ਤੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਡਿਪਾਰਟਮੈਂਟ ਪੰਜਾਬ ਦੀ ਕੈਬਨਿਟ ਕਮੇਟੀ ਦੇ ਮੈਂਬਰ ਸ਼ਾਇਰ ਕੰਵਰ ਇਕਬਾਲ ਵਿਸ਼ੇਸ਼ ਤੌਰ ਉੱਤੇ ਪਹੁੰਚੇ। ਜਿਹਨਾਂ ਦਾ ਡੀ ਐਮ (ਸਪੋਰਟਸ) ਸੁੱਖਵਿੰਦਰ ਸਿੰਘ ਖੱਸਣ, ਜਿਲ੍ਹਾ ਟੂਰਨਾਮੈਂਟ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਮਨਜੀਤ ਸਿੰਘ ਤੇ ਪ੍ਰਿੰਸੀਪਲ ਨਵਚੇਤਨ ਸਿੰਘ, ਜਿਲ੍ਹਾ ਜਨਰਲ ਸਕੱਤਰ ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ, ਟੈਕਨੀਕਲ ਮੈਂਬਰ ਪੀ ਟੀ ਆਈ ਅਜੀਤਪਾਲ ਸਿੰਘ ਟਿੱਬਾ, ਮਨਜਿੰਦਰ ਸਿੰਘ ਡੀ ਪੀ ਈ, ਜਗੀਰ ਸਿੰਘ ਡੀ ਪੀ ਈ ਅਤੇ ਵਿੱਤ ਸਕੱਤਰ ਜਸਵੰਤ ਸਿੰਘ ਲੈਕਚਰਾਰ ਆਦਿ ਨੇ ਫ਼ੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਉਹਨਾਂ ਦਾ ਸਵਾਗਤ ਕੀਤਾ। ਖੱਤਰੀ ਅਰੋੜਾ ਸਮਾਜ ਕਪੂਰਥਲਾ ਦੇ ਜਿਲ੍ਹਾ ਚੇਅਰਮੈਨ ਨਵਜੀਤ ਸਿੰਘ ਰਾਜੂ, ਵਿਧਾਨ ਸਭਾ ਟਰੇਡਰਜ਼ ਕਮਿਸ਼ਨ ਦੇ ਮੈਂਬਰ ਪੁਸ਼ਪਿੰਦਰ ਸਿੰਘ, ਅਵਤਾਰ ਸਿੰਘ, ਤੇਜਬੀਰ ਸਿੰਘ ਨੰਨ੍ਹਰਾ, ਕੌਂਸਲਰ ਗੌਰਵ ਕੰਡਾ ਆਦਿ ਨਾਲ ਖੇਡ ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਚੇਅਰਮੈਨ ਕੰਵਰ ਇਕਬਾਲ ਸਿੰਘ ਨੇ ਜਿਲ੍ਹੇ ਦੇ ਵੱਖ-ਵੱਖ ਸਕੂਲਾਂ ਤੋਂ ਆਈਆਂ ਟੀਮਾਂ ਦੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੰਦਿਆਂ ਹੋਇਆਂ ਆਖਿਆ ਕਿ ਪੰਜਾਬ ਦੀ ਮਾਨ ਸਰਕਾਰ ਖੇਡਾਂ ਅਤੇ ਖ਼?ਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਵੱਡੇ ਪੱਧਰ ਉੱਤੇ ਉਪਰਾਲੇ ਕਰ ਰਹੀ ਹੈ। ਓਹਨਾਂ ਆਖਿਆ ਕਿ ਪਿੰਡਾਂ ਵਿੱਚ ਖੇਡ ਕਲਚਰ ਪੈਦਾ ਕਰਨ ਲਈ ਮਾਨ ਸਰਕਾਰ ਸਟੇਡੀਅਮ ਉਸਾਰ ਕੇ, ਖੇਡ ਜਿੰਮ ਬਣਾ ਰਹੀ ਹੈ। ਓਹਨਾਂ ਖਿਡਾਰੀਆਂ ਨੂੰ ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿੱਚ ਹੋਰ ਮੱਲਾਂ ਮਾਰਨ ਵਾਸਤੇ ਪ੍ਰੇਰਿਤ ਕੀਤਾ । ਟੂਰਨਾਮੈਂਟ ਦੇ ਚੌਥੇ ਦਿਨ ਵਾਲੀਵਾਲ (ਲੜਕੇ) ਅੰਡਰ 17 ਸਾਲ, ਕੱਬਡੀ (ਲੜਕੇ/ਲੜਕੀਆਂ) ਅੰਡਰ-17 ਸਾਲ, ਰੱਸਾਕਸੀ (ਲੜਕੇ) ਅੰਡਰ-17 ਸਾਲ ਆਦਿ ਦੇ ਵੱਖ ਵੱਖ ਟੀਮਾਂ ਦੇ ਕੁਆਰਟਰ ਅਤੇ ਸੇਮੀਫਾਈਨਲ ਮੈਚ ਮੁਕਾਬਲੇ ਖੇਡੇ ਗਏ। ਤੇ ਇਹਨਾਂ ਮੈਚਾਂ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਚੇਅਰਮੈਨ ਕੰਵਰ ਇਕਬਾਲ ਸਿੰਘ ਨੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ।

ਆਰ.ਬੀ.ਯੂ. ਸਪੋਰਟਸ ਐਫ.ਸੀ. ਨੇ ਫੁੱਟਬਾਲ ਕੱਪ-2026 ਦਾ ਖ਼ਿਤਾਬ ਜਿੱਤਿਆ



ਚੰਡੀਗੜ੍ਹ, 31 ਅਗਸਤ (ਪੈ.ਗਾਮ-ਏ-ਜਗਤ)

ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ਼ ਫਿਜ਼ੀਓਥੈਰੇਪੀ ਐਂਡ ਰੇਡੀਓਲੋਜੀ (ਯੂਐਸਪੀਆਰ) ਵੱਲੋਂ ਖੇਡ ਵਿਭਾਗ ਦੇ ਸਹਿਯੋਗ ਨਾਲ ਯੂਨੀਵਰਸਿਟੀ ਦੇ ਮੁੱਖ ਖੇਡ ਮੈਦਾਨ ਵਿੱਚ ਫੁੱਟਬਾਲ ਕੱਪ-2026 ਕਰਵਾਇਆ ਗਿਆ। ਰਾਸ਼ਟਰੀ ਪੁਨਰਵਾਸ ਸੰਸਥਾ (ਐਨ.ਆਰ.ਆਈ.), ਭਾਰਤ ਵਿਕਾਸ ਪ੍ਰੀਸ਼ਦ ਅਤੇ ਫੁੱਟਵਾਰਜ਼ ਅਕੈਡਮੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਟੂਰਨਾਮੈਂਟ ਵਿੱਚ ਅੱਠ ਟੀਮਾਂ ਦੇ ਕਰੀਬ 70 ਖਿਡਾਰੀਆਂ ਨੇ ਉਤਸ਼ਾਹ ਨਾਲ ਭਾਗ ਲਿਆ।

ਟੂਰਨਾਮੈਂਟ ਦੀ ਵਿਸ਼ੇਸ਼ਤਾ ਇਹ ਰਹੀ ਕਿ ਚਾਰ ਟੀਮਾਂ ਵਿੱਚ ਰਾਸ਼ਟਰੀ ਪੁਨਰਵਾਸ ਸੰਸਥਾ ਅਤੇ ਫੁੱਟਵਾਰਜ਼ ਅਕੈਡਮੀ ਨਾਲ ਸਬੰਧਤ ਸੁਣਨ ਅਤੇ ਬੋਲਣ ਵਿੱਚ ਅਸਮਰੱਥ ਵਿਦਿਆਰਥੀ ਵੀ ਸ਼ਾਮਲ ਸਨ। ਉਨ੍ਹਾਂ ਦੀ ਜੋਸ਼ੀਲੀ ਭਾਗੀਦਾਰੀ ਨੇ ਇਹ ਸੰਦੇਸ਼ ਦਿੱਤਾ ਕਿ ਖੇਡ ਪ੍ਰਤਿਭਾ ਕਿਸੇ ਵੀ ਸਰੀਰਕ ਜਾਂ ਸੰਚਾਰਕ ਰੁਕਾਵਟ ਦੀ ਮੁਹਤਾਜ ਨਹੀਂ ਹੁੰਦੀ ਅਤੇ ਹਰ ਵਿਅਕਤੀ ਨੂੰ ਖੇਡਾਂ ਵਿੱਚ ਬਰਾਬਰ ਮੌਕੇ ਮਿਲਣੇ ਚਾਹੀਦੇ ਹਨ।

ਇਹ ਟੂਰਨਾਮੈਂਟ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਵਾਈਸ-ਚਾਂਸਲਰ ਪ੍ਰੋ. (ਡਾ.) ਸੰਜੇ ਕੁਮਾਰ ਅਤੇ ਪ੍ਰੋ ਵਾਈਸ-ਚਾਂਸਲਰ ਪ੍ਰੋ. (ਡਾ.) ਸਤੀਸ਼ ਕੁਮਾਰ ਦੀ ਅਗਵਾਈ ਹੇਠ ਕਰਵਾਇਆ ਗਿਆ। ਯੂਐਸਪੀਆਰ ਦੇ ਡੀਨ ਪ੍ਰੋ. (ਡਾ.) ਲਲਿਤ ਕੁਮਾਰ ਗੁਪਤਾ ਨੇ ਚੇਅਰਪਰਸਨ ਵਜੋਂ ਟੂਰਨਾਮੈਂਟ ਦੇ ਸੁਚੱਜੇ ਸੰਚਾਲਨ ਲਈ ਮਾਰਗਦਰਸ਼ਨ ਕੀਤਾ। ਇਸ ਮੌਕੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਪ੍ਰੋ. (ਡਾ.) ਸੰਜੇ ਕੁਮਾਰ ਅਤੇ ਪ੍ਰੋ. (ਡਾ.) ਸਤੀਸ਼ ਕੁਮਾਰ ਨੇ ਖਿਡਾਰੀਆਂ ਦੇ ਉਤਸ਼ਾਹ, ਅਨੁਸ਼ਾਸਨ ਅਤੇ ਖੇਡ ਭਾਵਨਾ ਦੀ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਖੇਡਾਂ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਆਤਮਵਿਸ਼ਵਾਸ, ਲੀਡਰਸ਼ਿਪ, ਦ੍ਰਿੜਤਾ, ਟੀਮ ਵਰਕ ਅਤੇ ਆਪਸੀ ਸਤਿਕਾਰ ਦੀ ਭਾਵਨਾ ਨੂੰ ਵੀ ਮਜ਼ਬੂਤ ਕਰਦੀਆਂ ਹਨ। ਪੀਜੀਆਈਐਮਈਆਰ, ਚੰਡੀਗੜ੍ਹ ਦੇ ਈਐਨਟੀ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ. ਧਰਮਵੀਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਖਿਡਾਰੀਆਂ ਦਾ ਹੌਸਲਾ ਵਧਾਉਂਦਿਆਂ ਖੇਡਾਂ, ਸਿਹਤ, ਪੁਨਰਵਾਸ ਅਤੇ ਸਮੁੱਚੀ ਤੰਦਰੁਸਤੀ ਵਿਚਕਾਰ ਗਹਿਰੇ ਸਬੰਧ ਨੂੰ ਉਜਾਗਰ ਕੀਤਾ। ਟੂਰਨਾਮੈਂਟ ਦਾ ਤਾਲਮੇਲ ਯੂਨੀਵਰਸਿਟੀ ਦੇ ਡਾਇਰੈਕਟਰ ਸਪੋਰਟਸ ਡਾ. ਕਰਨਵੀਰ ਸਿੰਘ ਅਤੇ ਚੰਡੀਗੜ੍ਹ ਤੇ ਮੋਹਾਲੀ ਦੇ ਫੁੱਟਬਾਲ ਕਲੱਬਾਂ ਨਾਲ ਜੁੜੇ ਕੋਚ ਬਿੱਲੂ ਨੇ ਕੀਤਾ। ਫਾਈਨਲ ਵਿੱਚ ਆਰ.ਬੀ.ਯੂ. ਸਪੋਰਟਸ ਐਫ.ਸੀ. ਅਤੇ ਯੂਐਸਪੀਆਰ ਐਫ.ਸੀ. ਦਰਮਿਆਨ ਸਖ਼ਤ ਮੁਕਾਬਲਾ ਹੋਇਆ, ਜਿਸ ਵਿੱਚ ਆਰ.ਬੀ.ਯੂ. ਸਪੋਰਟਸ ਐਫ.ਸੀ. ਨੇ ਜਿੱਤ ਦਰਜ ਕਰਦਿਆਂ ਖ਼ਿਤਾਬ ਆਪਣੇ ਨਾਮ ਕੀਤਾ। ਰਿਆਤ ਬਾਹਰਾ ਗਰੁੱਪ ਦੇ ਵਾਈਸ-ਚੇਅਰਮੈਨ ਗੁਰਿੰਦਰ ਸਿੰਘ ਬਾਹਰਾ ਨੇ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਟਰਾਫੀਆਂ ਤੇ ਮੈਡਲ ਭੇਟ ਕੀਤੇ। ਸਾਰੇ ਖਿਡਾਰੀਆਂ ਨੂੰ ਸਰਟੀਫਿਕੇਟ ਦਿੱਤੇ ਗਏ, ਜਦਕਿ ਸੁਣਨ ਅਤੇ ਬੋਲਣ ਵਿੱਚ ਅਸਮਰੱਥ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਟੀ-ਸ਼ਰਟਾਂ ਭੇਟ ਕਰਕੇ ਉਨ੍ਹਾਂ ਦੀ ਭਾਗੀਦਾਰੀ ਦੀ ਸ਼ਲਾਘਾ ਕੀਤੀ ਗਈ।

ਪਵਨ ਗੁਰੂ, ਪਾਣੀ ਪਿਤਾ ਮਾਤਾ ਧਰਤਿ ਮਹਤੁ ਦੇ ਉਦੇਸ਼ ਨੂੰ ਲਾਗੂ ਕਰਦੇ ਸਕੂਲ ਦਾ ਸਨਮਾਨ ਕੀਤਾ

ਚੰਡੀਗੜ੍ਹ, 31 ਅਗਸਤ (ਪੈ.ਗਾਮ-ਏ-ਜਗਤ)



ਡੈਡੀਕੇਟਿਡ ਬ੍ਰਦਰਜ਼ ਗਰੁੱਪ ਪਟਿਆਲਾ ਦੇ ਪ੍ਰਧਾਨ ਡਾਕਟਰ ਰਾਕੇਸ਼ ਵਰਮੀ, ਸਕੱਤਰ ਸ੍ਰੀ ਹਰਪ੍ਰੀਤ ਸੰਧੂ, ਮੀਤ ਪ੍ਰਧਾਨ ਬੀ ਐੱਸ ਬੇਦੀ ਅਤੇ ਫਸਟ ਏਡ ਸੇਫਟੀ ਸਿਹਤ ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਸ਼੍ਰੀ ਕਾਕਾ ਰਾਮ ਵਰਮਾ ਵਲੋਂ ਸਕੂਲ ਆਫ ਐਮੀਨੈਂਸ, ਮੰਡੋਰ ਵਿਖੇ ਲਹਿਰਾਉਂਦੇ ਛਾਵਾਂ ਵੰਡਦੇ ਵੱਡੇ ਵੱਡੇ ਦਰਖਤਾਂ, ਉਨ੍ਹਾਂ ਤੇ ਚਹਿਚਹਾਉਂਦੇ ਪੰਛੀਆਂ ਅਤੇ ਬੱਚਿਆਂ ਦੇ ਅਨੁਸ਼ਾਸਨ, ਨਿਮਰਤਾ, ਸ਼ਹਿਣਸ਼ੀਲਤਾ, ਬੱਚਿਆਂ ਦਾ ਦਰਖਤਾਂ, ਪੋਦਿਆਂ, ਫਲਾਂ ਫੁੱਲਾਂ ਪ੍ਰਤੀ ਪ੍ਰੇਮ, ਹਮਦਰਦੀ, ਸਤਿਕਾਰ ਦੇਖਕੇ ਪ੍ਰਿੰਸੀਪਲ ਸਟੇਟ ਐਵਾਰਡੀ ਜਸਪਾਲ ਸਿੰਘ, ਵਾਈਸ ਪ੍ਰਿੰਸੀਪਲ ਸ਼੍ਰੀ ਵਿਨੋਦ ਅਤੇ ਵਾਤਾਵਰਨ ਪ੍ਰੇਮੀ ਅਧਿਆਪਕਾਵਾ ਅਤੇ ਬੱਚਿਆਂ ਨੂੰ ਪ੍ਰਸ਼ੰਸਾ ਪੱਤਰ ਦੇਕੇ ਸਨਮਾਨਿਤ ਕੀਤਾ। ਜਸਪਾਲ ਸਿੰਘ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਦਰਖਤ, ਪੌਦੇ ਸਾਡੀ ਧਰਤੀ ਦੇ ਫੇਫੜੇ, ਤਬਾਹੀਆਂ ਰੋਕਣ ਵਾਲੇ ਸਿਕਿਉਰਿਟੀ ਗਾਰਡ, ਕੁਦਰਤੀ ਲੈਬ ਹਨ ਜੋ ਹੜਾਂ ਸੁਨਾਮੀਆਂ ਸਮੇਂ ਪਾਣੀ ਨੂੰ ਰੋਕਦੇ ਅਤੇ ਸੋਕਦੇ, ਕਾਰਬਨ ਡਾਇਕ ਸਾਇਡ ਲੈਕੇ ਉਨ੍ਹਾਂ ਰਾਹੀਂ ਮਿੱਠੇ ਰਸੀਲੇ ਵਿਟਾਮਿਨ ਭਰਪੂਰ ਫਲ, ਸਬਜ਼ੀਆਂ ਦਾਲਾਂ, ਫੁੱਲ, ਲਕੜੀਆਂ, ਆਕਸੀਜਨ, ਛਾਵਾਂ ਅਤੇ ਹਰਿਆਵਲ ਦੇ ਰਹੇ ਹਨ। ਉਨ੍ਹਾਂ ਨੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਪਟਿਆਲਾ ਦੀਆਂ ਮਾਨਵਤਾਵਾਦੀ ਗਤੀਵਿਧੀਆਂ ਹਿੱਤ ਧੰਨਵਾਦ ਕੀਤਾ।

ਸ੍ਰੀ ਸ਼ਿਵ ਮੰਦਰ, ਸੈਕਟਰ-39 ਡੀ ਵਿੱਚ ਦਿਵਯ ਗਊ ਕਥਾ ਅਤੇ ਭਜਨ ਕੀਰਤਨ ਦਾ ਆਯੋਜਨ

ਪੈਗ਼ਾਮ-ਏ-ਜਗਤ
ਚੰਡੀਗੜ੍ਹ, 30 ਅਗਸਤ
(ਹਰਮਿੰਦਰ ਸਿੰਘ ਨਾਗਪਾਲ)



ਸ਼ਿਵ ਭੋਲੇ ਪ੍ਰਬੰਧਕ ਕਮੇਟੀ ਅਤੇ ਮਹਿਲਾ ਕੀਰਤਨ ਮੰਡਲੀ ਵੱਲੋਂ ਸ੍ਰੀ ਸ਼ਿਵ ਮੰਦਰ, ਸੈਕਟਰ-39 ਡੀ ਵਿੱਚ ਇੱਕ ਦਿਨਾ ਸ਼ਾਨਦਾਰ ਧਾਰਮਿਕ ਅਤੇ ਅਧਿਆਤਮਿਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਪੂਜਯ ਚੰਦਰਕਾਂਤ, ਗਊ ਸੇਵਾ ਪ੍ਰਮੁੱਖ, ਪੰਜਾਬ ਦੀ ਹਾਜ਼ਰੀ ਵਿੱਚ ਦਿਵਯ ਗਊ ਕਥਾ ਦਾ ਆਯੋਜਨ ਹੋਇਆ। ਪ੍ਰੋਗਰਾਮ ਦੌਰਾਨ ਸ਼ਰਧਾਲੂਆਂ ਨੂੰ ਗਊ ਸੇਵਾ, ਭਾਰਤੀ ਸੱਭਿਆਚਾਰ ਅਤੇ ਧਾਰਮਿਕ ਕਦਰਾਂ-ਕੀਮਤਾਂ ਬਾਰੇ ਪ੍ਰੇਰਨਾਦਾਇਕ ਸੰਦੇਸ਼ ਪ੍ਰਾਪਤ ਹੋਇਆ। ਪ੍ਰੋਗਰਾਮ ਦਾ ਸ਼ੁਭਾਰੰਭ ਭਜਨ ਕੀਰਤਨ ਨਾਲ ਹੋਇਆ। ਇਸ ਤੋਂ ਬਾਅਦ ਦਿਵਯ ਗਊ ਕਥਾ ਦਾ ਆਯੋਜਨ ਕੀਤਾ ਗਿਆ ਅਤੇ ਆਰਤੀ ਹੋਈ। ਪ੍ਰੋਗਰਾਮ ਦੇ ਸਮਾਪਨ ਤੋਂ ਬਾਅਦ ਸਾਰੇ ਸ਼ਰਧਾਲੂਆਂ ਲਈ ਭੰਡਾਰਾ ਪ੍ਰਸ਼ਾਦ ਦਾ ਪ੍ਰਬੰਧ ਕੀਤਾ ਗਿਆ।

ਇਸ ਧਾਰਮਿਕ ਆਯੋਜਨ ਨੂੰ ਲੈ ਕੇ ਮੰਦਰ ਪ੍ਰਬੰਧਨ ਕਮੇਟੀ ਅਤੇ ਮਹਿਲਾ ਕੀਰਤਨ ਮੰਡਲੀ ਦੇ ਮੈਂਬਰਾਂ ਅਤੇ ਸ਼ਰਧਾਲੂਆਂ ਵਿੱਚ ਵਿਸ਼ੇਸ਼ ਉਤਸ਼ਾਹ ਦੇਖਿਆ ਗਿਆ। ਪਵਿੱਤਰ ਆਯੋਜਨ ਵਿੱਚ ਮੰਦਰ ਪ੍ਰਬੰਧਨ ਕਮੇਟੀ ਦੇ ਪ੍ਰਧਾਨ ਨਰੇਸ਼ ਮਹਾਜਨ, ਜਨਰਲ ਸਕੱਤਰ ਏ. ਪ੍ਰਜਾਪਤੀ, ਦਵਿੰਦਰ ਚੰਦੇਲ, ਤਰਸੇਮ ਸ਼ਰਮਾ, ਆਈ. ਸੀ. ਸ਼ਰਮਾ (ਰੋਹਤਾਸ ਰੰਗਾ ਸੀਨੀਅਰ ਉਪ ਪ੍ਰਧਾਨ), ਅਸ਼ਵਨੀ ਕੁਮਾਰ, ਰਾਹੁਲ ਸ਼ਰਮਾ, ਖੇਤਰੀ ਕੌਂਸਲਰ ਵਾਰਡ ਨੰਬਰ 27 ਗੁਰਬਖ਼ਸ਼ ਰਾਵਤ, ਰਵੀ ਰਾਵਤ, ਰੇਖਾ ਸੂਦ ਅਤੇ ਅਨਿਲ ਕੁਮਾਰ ਸ਼ਰਮਾ, ਅਰੁਣ ਕੁਮਾਰ, ਹਿਮਾਚਲ ਮਹਾਸਭਾ ਚੰਡੀਗੜ੍ਹ ਦੇ ਪ੍ਰਧਾਨ ਪ੍ਰਿਥੀ ਸਿੰਘ ਪ੍ਰਜਾਪਤੀ ਸਣੇ ਕਮੇਟੀ ਦੇ ਹੋਰ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਸ਼ਾਮਲ ਰਹੇ। ਸਾਰਿਆਂ ਨੇ ਸ਼ਰਧਾ ਅਤੇ ਭਗਤੀ ਭਾਵ ਨਾਲ ਧਾਰਮਿਕ ਆਯੋਜਨ ਵਿੱਚ ਭਾਗ ਲਿਆ ਅਤੇ ਭਗਵਾਨ ਸ਼ਿਵ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਮੰਦਰ ਪ੍ਰਬੰਧਨ ਕਮੇਟੀ ਨੇ ਇਸ ਪਵਿੱਤਰ ਧਾਰਮਿਕ ਆਯੋਜਨ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਾਲੇ ਸਾਰੇ ਇਲਾਕਾ ਵਾਸੀਆਂ ਅਤੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ। ਸ਼ਰਧਾਲੂਆਂ ਨੇ ਭਜਨ ਕੀਰਤਨ, ਦਿਵਯ ਗਊ ਕਥਾ ਅਤੇ ਆਰਤੀ ਵਿੱਚ ਸ਼ਰਧਾਪੂਰਵਕ ਭਾਗ ਲਿਆ ਅਤੇ ਭਗਵਾਨ ਸ਼ਿਵ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਜੇ.ਕੇ.ਏ.ਏ.ਸੀ.ਐੱਲ. ਵੱਲੋਂ ਅਜੀਤ ਸਿੰਘ ਮਸਤਾਨਾ ਦੇ ਪੰਜਾਬੀ ਗ਼ਜ਼ਲ ਸੰਗ੍ਰਹਿ 'ਰੀਝਾਂ ਦੇ ਝਰਨੇ' ਦਾ ਲੋਕ ਅਰਪਣ





ਪੈਗ਼ਾਮ-ਏ-ਜਗਤ
ਸ੍ਰੀਨਗਰ, 31 ਅਗਸਤ
(ਬਲਵਿੰਦਰ ਬਾਲਮ ਗੁਰਦਾਸਪੁਰ)

ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼ (ਜੇ.ਕੇ.ਏ.ਏ.ਸੀ.ਐੱਲ.) ਵੱਲੋਂ ਅਕੈਡਮੀ ਕੰਪਲੈਕਸ, ਲਾਲ ਮੰਡੀ, ਸ੍ਰੀਨਗਰ ਵਿਖੇ ਸਥਿਤ ਸੈਮੀਨਾਰ ਹਾਲ ਵਿੱਚ ਪ੍ਰਸਿੱਧ ਪੰਜਾਬੀ ਲੇਖਕ ਅਜੀਤ ਸਿੰਘ ਮਸਤਾਨਾ ਦੇ ਪੰਜਾਬੀ ਗ਼ਜ਼ਲ ਸੰਗ੍ਰਹਿ 'ਰੀਝਾਂ ਦੇ ਝਰਨੇ' ਦੇ ਲੋਕ ਅਰਪਣ ਸਬੰਧੀ ਸਮਾਗਮ ਕਰਵਾਇਆ ਗਿਆ।

ਸਮਾਗਮ ਦੀ ਪ੍ਰਧਾਨਗੀ ਪ੍ਰੋ. ਗੁਰਚਰਨ ਸਿੰਘ ਰੈਣਾ ਨੇ ਕੀਤੀ। ਇਸ ਮੌਕੇ ਸ੍ਰੀਮਤੀ ਹਰਵਿੰਦਰ ਕੌਰ, ਜੇ.ਕੇ.ਏ.ਐੱਸ., ਸਕੱਤਰ, ਜੇ.ਕੇ.ਏ.ਏ.ਸੀ.ਐੱਲ.; ਸ. ਜੈਪਾਲ ਸਿੰਘ, ਸੇਵਾਮੁਕਤ ਜੇ.ਕੇ.ਏ.ਐੱਸ. ਅਧਿਕਾਰੀ; ਡਾ. ਸੁਖਵਿੰਦਰ ਸਿੰਘ, ਸੇਵਾਮੁਕਤ ਐਸੋਸੀਏਟ ਪ੍ਰੋਫੈਸਰ, ਪੰਜਾਬ ਅਤੇ ਪੋਪਿੰਦਰ ਸਿੰਘ ਪਾਰਸ, ਸੰਪਾਦਕ, ਸ਼ੀਰਾਜ਼ਾ ਪੰਜਾਬੀ ਨੇ ਮੰਚ ਸਾਂਝਾ ਕੀਤਾ।

ਅਜੀਤ ਸਿੰਘ ਮਸਤਾਨਾ ਨੂੰ ਉਨ੍ਹਾਂ ਦੀ ਪੁਸਤਕ ਦੇ ਪ੍ਰਕਾਸ਼ਨ 'ਤੇ ਵਧਾਈ ਦਿੰਦਿਆਂ ਸ੍ਰੀਮਤੀ ਹਰਵਿੰਦਰ ਕੌਰ, ਸਕੱਤਰ, ਜੇ.ਕੇ.ਏ.ਏ.ਸੀ.ਐੱਲ. ਨੇ ਪੰਜਾਬੀ ਸਾਹਿਤ ਅਤੇ ਭਾਸ਼ਾ ਦੇ ਖੇਤਰ ਵਿੱਚ ਉਨ੍ਹਾਂ ਦੇ ਲੰਮੇ ਸਮੇਂ ਤੋਂ ਕੀਤੇ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮਸਤਾਨਾ ਨੇ ਆਪਣੀ ਜ਼ਿੰਦਗੀ ਦਾ ਇੱਕ ਵੱਡਾ ਹਿੱਸਾ ਪੰਜਾਬੀ ਸਾਹਿਤ ਅਤੇ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਅਤੇ ਵਿਕਾਸ ਨੂੰ ਸਮਰਪਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਅਕੈਡਮੀ ਜੰਮੂ-ਕਸ਼ਮੀਰ ਦੀ ਸਾਹਿਤਕ ਅਤੇ ਸੱਭਿਆਚਾਰਕ ਵਿਰਾਸਤ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਲੇਖਕਾਂ ਨੂੰ ਮਾਨਤਾ ਦੇਣ ਅਤੇ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ।

ਸਮਾਗਮ ਦੇ ਮੁੱਖ ਮਹਿਮਾਨ ਸ. ਜੈਪਾਲ ਸਿੰਘ ਨੇ ਵੀ ਅਜੀਤ ਸਿੰਘ ਮਸਤਾਨਾ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਸਾਹਿਤਕ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਪੱਧਰ ਦੇ ਲੇਖਕ ਆਪਣੀਆਂ ਸਾਰਥਕ ਅਤੇ ਵਿਚਾਰ-ਉਤਪਾਦਕ ਰਚਨਾਵਾਂ ਰਾਹੀਂ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਲਿਆ ਸਕਦੇ ਹਨ। ਉਨ੍ਹਾਂ ਮਸਤਾਨਾ ਦੀਆਂ ਵਡਮੁੱਲੀਆਂ ਸਾਹਿਤਕ ਰਚਨਾਵਾਂ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਦੇ ਨਿਰੰਤਰ ਸਾਹਿਤਕ ਸਫ਼ਰ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ. ਗੁਰਚਰਨ ਸਿੰਘ ਰੈਣਾ ਨੇ ਖਿੱਤੇ ਦੀਆਂ ਅਮੀਰ ਸਾਹਿਤਕ ਪਰੰਪਰਾਵਾਂ ਨੂੰ ਉਤਸ਼ਾਹਿਤ ਕਰਨ ਅਤੇ ਸੰਭਾਲਣ ਲਈ ਅਕੈਡਮੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜੀਤ ਸਿੰਘ ਮਸਤਾਨਾ ਨੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਅਤੇ ਉਹ ਹਮੇਸ਼ਾ ਸਨਮਾਨ ਦੇ ਹੱਕਦਾਰ ਰਹੇ ਹਨ। ਉਨ੍ਹਾਂ ਮਸਤਾਨਾ ਦੀਆਂ ਰਚਨਾਵਾਂ ਵਿੱਚ ਮੌਜੂਦ ਗਹਿਰਾਈ, ਸੰਵੇਦਨਸ਼ੀਲਤਾ ਅਤੇ ਸਿਰਜਣਾਤਮਕ ਗੁਣਵੱਤਾ ਦੀ ਵੀ ਪ੍ਰਸ਼ੰਸਾ ਕੀਤੀ।

ਡਾ. ਸੁਖਵਿੰਦਰ ਸਿੰਘ, ਸੇਵਾਮੁਕਤ ਐਸੋਸੀਏਟ ਪ੍ਰੋਫੈਸਰ, ਪੰਜਾਬ ਨੇ ਅਜੀਤ ਸਿੰਘ ਮਸਤਾਨਾ ਦੀ ਸਾਹਿਤਕ ਰਚਨਾ ਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕਰਦਿਆਂ ਇੱਕ ਖੋਜ-ਭਰਪੂਰ ਪੇਪਰ ਪੇਸ਼ ਕੀਤਾ। ਉਨ੍ਹਾਂ ਮਸਤਾਨਾ ਦੀਆਂ ਰਚਨਾਵਾਂ ਵਿੱਚ ਪ੍ਰਗਟ ਹੁੰਦੇ ਵਿਸ਼ਿਆਂ, ਸਾਹਿਤਕ ਤਕਨੀਕਾਂ ਅਤੇ ਸਿਰਜਣਾਤਮਕ ਪੱਖਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਦੀ ਪੇਸ਼ਕਾਰੀ ਨੂੰ ਮੌਕੇ 'ਤੇ ਹਾਜ਼ਰ ਵਿਦਵਾਨਾਂ, ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਵੱਲੋਂ ਸਰਾਹਿਆ ਗਿਆ।

ਰਤਨ ਸਿੰਘ ਕੰਵਲ ਅਤੇ ਰਣਬੀਰ ਸਿੰਘ ਨੇ ਵੀ ਆਪਣੇ-ਆਪਣੇ ਪੇਪਰਾਂ ਰਾਹੀਂ ਅਜੀਤ ਸਿੰਘ ਮਸਤਾਨਾ ਦੇ ਸਾਹਿਤਕ ਸਫ਼ਰ ਅਤੇ ਯੋਗਦਾਨ ਨੂੰ ਉਜਾਗਰ ਕੀਤਾ। ਉਨ੍ਹਾਂ ਪੰਜਾਬੀ ਸਾਹਿਤ ਦੀ ਅਮੀਰੀ ਅਤੇ ਪ੍ਰਚਾਰ-ਪ੍ਰਸਾਰ ਲਈ ਮਸਤਾਨਾ ਵੱਲੋਂ ਲਗਾਤਾਰ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਬੋਲਦਿਆਂ ਪੋਪਿੰਦਰ ਸਿੰਘ ਪਾਰਸ, ਸੰਪਾਦਕ, ਸ਼ੀਰਾਜ਼ਾ ਪੰਜਾਬੀ ਨੇ ਕਿਹਾ ਕਿ ਅਜੀਤ ਸਿੰਘ ਮਸਤਾਨਾ ਆਪਣੀ ਪੂਰੀ ਜ਼ਿੰਦਗੀ ਸਾਹਿਤਕ ਗਤੀਵਿਧੀਆਂ ਨਾਲ ਸਰਗਰਮੀ ਨਾਲ ਜੁੜੇ ਰਹੇ ਹਨ ਅਤੇ ਆਪਣੀਆਂ ਰਚਨਾਵਾਂ ਰਾਹੀਂ ਸਮਾਜ ਪ੍ਰਤੀ ਨਿਰੰਤਰ ਆਪਣਾ ਯੋਗਦਾਨ ਪਾਉਂਦੇ ਆ ਰਹੇ ਹਨ। ਉਨ੍ਹਾਂ ਪੰਜਾਬੀ ਭਾਸ਼ਾ ਅਤੇ ਸਾਹਿਤ ਪ੍ਰਤੀ ਮਸਤਾਨਾ ਦੀ ਸਮਰਪਣ ਭਾਵਨਾ ਦੀ ਸ਼ਲਾਘਾ ਕਰਦਿਆਂ 'ਰੀਝਾਂ ਦੇ ਝਰਨੇ' ਦੇ ਪ੍ਰਕਾਸ਼ਨ ਲਈ ਉਨ੍ਹਾਂ ਨੂੰ ਵਧਾਈ ਦਿੱਤੀ।

ਪੁਸਤਕ ਦੇ ਲੇਖਕ ਅਜੀਤ ਸਿੰਘ ਮਸਤਾਨਾ ਨੇ ਵੱਖ-ਵੱਖ ਭਾਸ਼ਾਵਾਂ ਨਾਲ ਸਬੰਧਤ ਲੇਖਕਾਂ, ਕਵੀਆਂ ਅਤੇ ਸਾਹਿਤਕ ਸ਼ਖ਼ਸੀਅਤਾਂ ਨੂੰ ਅਕੈਡਮੀ ਵੱਲੋਂ ਦਿੱਤੇ ਜਾ ਰਹੇ ਨਿਰੰਤਰ ਸਹਿਯੋਗ ਅਤੇ ਹੌਸਲਾ-ਅਫ਼ਜ਼ਾਈ ਲਈ ਧੰਨਵਾਦ ਕੀਤਾ। ਉਨ੍ਹਾਂ ਆਪਣੇ ਸਾਹਿਤਕ ਸਫ਼ਰ ਅਤੇ ਪੰਜਾਬੀ ਸਾਹਿਤ ਵਿੱਚ ਆਪਣੇ ਯੋਗਦਾਨ ਬਾਰੇ ਵੀ ਵਿਚਾਰ ਸਾਂਝੇ ਕੀਤੇ। ਸਮਾਗਮ ਦੌਰਾਨ ਉਨ੍ਹਾਂ ਆਪਣੀਆਂ ਦੋ ਗ਼ਜ਼ਲਾਂ ਵੀ ਪੇਸ਼ ਕੀਤੀਆਂ, ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਭਰਪੂਰ ਸਰਾਹਨਾ ਮਿਲੀ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਵਿਦਵਾਨਾਂ, ਲੇਖਕਾਂ, ਕਵੀਆਂ, ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਨੇ ਸ਼ਿਰਕਤ ਕੀਤੀ ਅਤੇ ਅਕੈਡਮੀ ਦੀ ਇਸ ਸਾਹਿਤਕ ਪਹਿਲ ਦੀ ਸ਼ਲਾਘਾ ਕੀਤੀ। ਸਮਾਗਮ ਦੀ ਕਾਰਵਾਈ ਪੋਪਿੰਦਰ ਸਿੰਘ ਪਾਰਸ, ਸੰਪਾਦਕ, ਸ਼ੀਰਾਜ਼ਾ ਪੰਜਾਬੀ ਨੇ ਚਲਾਈ ਅਤੇ ਅੰਤ ਵਿੱਚ ਉਨ੍ਹਾਂ ਵੱਲੋਂ ਧੰਨਵਾਦ ਦਾ ਮਤਾ ਵੀ ਪੇਸ਼ ਕੀਤਾ।

ਬਾਇਓਈ3 'ਤੇ ਰਾਸ਼ਟਰੀ ਕਾਨਕਲੇਵ ਨੇ ਉਦਯੋਗ-ਤਿਆਰ ਜੈਵ-ਨਿਰਮਾਣ ਵੱਲ ਭਾਰਤ ਦੀ ਪ੍ਰਗਤੀ ਨੂੰ ਕੀਤਾ ਉਜਾਗਰ

ਐਸ.ਏ.ਐਸ. ਨਗਰ, 31 ਅਗਸਤ
(ਪੈਗ਼ਾਮ-ਏ-ਜਗਤ)

- **ਬੀਆਰਆਈਸੀ-ਐਨਏਬੀਆਈ ਵਿਖੇ 'ਗ੍ਰੀਨ ਫੋਰਜ' ਦਾ ਉਦਘਾਟਨ; ਨਵੀਆਂ ਖੋਜਾਂ ਨੂੰ ਵੱਡੇ ਪੱਧਰ 'ਤੇ ਲਿਜਾਣ, ਉਦਯੋਗਿਕ ਭਾਈਵਾਲੀਆਂ ਨੂੰ ਮਜ਼ਬੂਤ ਕਰਨ ਅਤੇ ਭਾਰਤ ਦੀਆਂ ਦੇਸੀ ਜੈਵ-ਨਿਰਮਾਣ ਸਮਰੱਥਾਵਾਂ ਦੇ ਨਿਰਮਾਣ 'ਤੇ ਜ਼ੋਰ**



"ਬਾਇਓਈ-3—ਅਰਥਵਿਵਸਥਾ, ਵਾਤਾਵਰਣ ਅਤੇ ਰੋਜ਼ਗਾਰ ਲਈ ਜੈਵ-ਤਕਨਾਲੋਜੀ: ਉਦਯੋਗ-ਤਿਆਰ ਜੈਵ-ਨਿਰਮਾਣ ਦੇ ਵਿਸਥਾਰ ਨੂੰ ਸਮਰੱਥ ਬਣਾਉਣਾ"ਵਿਸ਼ੇ 'ਤੇ ਰਾਸ਼ਟਰੀ ਕਾਨਕਲੇਵ ਦਾ ਆਯੋਜਨ ਅੱਜ ਜੈਵ-ਤਕਨਾਲੋਜੀ ਖੋਜ ਅਤੇ ਨਵੋਨਮੇਸ਼ ਪਰਿਸ਼ਦ-ਰਾਸ਼ਟਰੀ ਖੇਤੀ-ਖੁਰਾਕ ਜੈਵ-ਤਕਨਾਲੋਜੀ ਸੰਸਥਾਨ (ਬੀਆਰਆਈਸੀ-ਐਨਏਬੀਆਈ), ਮੋਹਾਲੀ ਵਿਖੇ ਕੀਤਾ ਗਿਆ। ਇਹ ਕਾਨਕਲੇਵ ਪਰਿਵਰਤਨਕਾਰੀ ਬਾਇਓਈ3 ਨੀਤੀ ਦੇ ਦੋ ਸਾਲ ਪੂਰੇ ਹੋਣ ਦੇ ਮੌਕੇ 'ਤੇ ਆਯੋਜਿਤ ਕੀਤਾ ਗਿਆ। ਕਾਨਕਲੇਵ ਵਿੱਚ ਨੀਤੀ-ਨਿਰਮਾਤਾਵਾਂ, ਵਿਗਿਆਨੀਆਂ, ਅਕਾਦਮਿਕ ਸੰਸਥਾਵਾਂ, ਉਦਯੋਗਿਕ ਆਗੂਆਂ, ਨਵੋਨਮੇਸ਼ੀ ਉੱਦਮਾਂ ਅਤੇ ਹੋਰ ਹਿੱਸੇਦਾਰਾਂ ਨੇ ਭਾਗ ਲਿਆ ਅਤੇ ਭਾਰਤ ਦੇ ਜੈਵ-ਤਕਨਾਲੋਜੀ ਇਕੋਸਿਸਟਮ ਨੂੰ ਮਜ਼ਬੂਤ ਕਰਨ ਅਤੇ ਵਿਗਿਆਨਕ ਨਵੀਆਂ ਖੋਜਾਂ ਨੂੰ ਉਦਯੋਗ-ਤਿਆਰ ਜੈਵ-ਨਿਰਮਾਣ ਹੱਲਾਂ ਵਿੱਚ ਤਬਦੀਲ ਕਰਕੇ ਵੱਡੇ ਪੱਧਰ 'ਤੇ ਲਾਗੂ ਕਰਨ ਵਿੱਚ ਤੇਜ਼ੀ ਲਿਆਉਣ ਬਾਰੇ ਵਿਚਾਰ-ਵਟਾਂਦਰਾ ਕੀਤਾ। ਪ੍ਰੋਗਰਾਮ ਵਿੱਚ ਵਿਕਸਤ ਭਾਰਤ ਦੇ ਵਿਜ਼ਨ ਨੂੰ ਅੱਗੇ ਵਧਾਉਣ ਵਿੱਚ ਜੈਵ-ਤਕਨਾਲੋਜੀ ਦੀ ਭੂਮਿਕਾ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ। ਚਰਚਾ ਵਿੱਚ ਖੇਤੀਬਾੜੀ, ਸਿਹਤ ਸੇਵਾਵਾਂ, ਸਥਿਰਤਾ, ਕਾਰਬਨ ਗ੍ਰਹਿਣ ਅਤੇ ਵਰਤੋਂ, ਜੈਵ-ਆਧਾਰਿਤ ਉਤਪਾਦਾਂ ਅਤੇ ਉਭਰ ਰਹੀਆਂ ਤਕਨਾਲੋਜੀਆਂ ਸਮੇਤ ਵੱਖ-ਵੱਖ ਖੇਤਰਾਂ ਨੂੰ ਸ਼ਾਮਲ ਕੀਤਾ ਗਿਆ।ਕਾਨਕਲੇਵ ਵਿੱਚ ਮੁੱਖ ਮਹਿਮਾਨ ਵਜੋਂ ਡਾ. ਜਿਤੇਂਦਰ ਸਿੰਘ, ਮਾਨਯੋਗ ਰਾਜ ਮੰਤਰੀ (ਸੁਤੰਤਰ ਚਾਰਜ), ਵਿਗਿਆਨ ਅਤੇ ਤਕਨਾਲੋਜੀ ਮੰਤਰਾਲਾ ਅਤੇ ਧਰਤੀ ਵਿਗਿਆਨ ਮੰਤਰਾਲਾ, ਭਾਰਤ ਸਰਕਾਰ, ਸ਼ਾਮਲ ਹੋਏ।

ਪ੍ਰੋ. ਰਾਜੇਸ਼ ਐਸ. ਗੋਖਲੇ, ਸਕੱਤਰ, ਜੈਵ-ਤਕਨਾਲੋਜੀ ਵਿਭਾਗ (ਡੀਬੀਟੀ), ਡਾਇਰੈਕਟਰ ਜਨਰਲ, ਜੈਵ-ਤਕਨਾਲੋਜੀ ਖੋਜ ਅਤੇ ਨਵੋਨਮੇਸ਼ ਪਰਿਸ਼ਦ (ਬੀਆਰਆਈਸੀ), ਅਤੇ ਚੇਅਰਮੈਨ, ਜੈਵ-ਤਕਨਾਲੋਜੀ ਉਦਯੋਗ ਖੋਜ ਸਹਾਇਤਾ ਪਰਿਸ਼ਦ (ਬਿਰਾਕ) ਵੀ ਇਸ ਮੌਕੇ 'ਤੇ ਮੌਜੂਦ ਰਹੇ। ਪ੍ਰੋਗਰਾਮ ਪ੍ਰੋ. ਅਸ਼ਵਨੀ ਪਾਰੇਕ, ਕਾਰਜਕਾਰੀ ਨਿਰਦੇਸ਼ਕ, ਬੀਆਰਆਈਸੀ-ਐਨਏਬੀਆਈ, ਮੋਹਾਲੀ, ਡਾ. ਸੰਗੀਤਾ ਐਮ. ਕਸਤੂਰੇ, ਮੁਖੀ, ਜੈਵ-ਨਿਰਮਾਣ ਨਿਰਦੇਸ਼ਾਲਾ, ਡੀਬੀਟੀ ਅਤੇ ਡਾ. ਧਨੰਜਯ ਕੇ. ਤਿਵਾਰੀ, ਪ੍ਰਬੰਧ ਨਿਰਦੇਸ਼ਕ, ਬਿਰਾਕ ਦੀ ਮਾਣਯੋਗ ਮੌਜੂਦਗੀ ਵਿੱਚ ਆਯੋਜਿਤ ਕੀਤਾ ਗਿਆ।

ਕਾਨਕਲੇਵ ਦੀ ਇੱਕ ਮੁੱਖ ਵਿਸ਼ੇਸ਼ਤਾ "ਗ੍ਰੀਨ ਫੋਰਜ - ਭਵਿੱਖ ਦੀਆਂ ਫਸਲਾਂ ਨੂੰ ਆਕਾਰ ਦੇਣਾ"ਦਾ ਉਦਘਾਟਨ ਰਹੀ। ਇਸ ਵਿੱਚ ਨਿਯੰਤਰਿਤ-ਵਾਤਾਵਰਣ ਤਕਨਾਲੋਜੀਆਂ, ਜੈਵ-ਤਕਨਾਲੋਜੀ ਅਤੇ ਉੱਨਤ ਖੋਜ ਪਹੁੰਚਾਂ ਰਾਹੀਂ ਅਗਲੀ ਪੀੜ੍ਹੀ ਦੇ ਖੇਤੀਬਾੜੀ ਹੱਲ ਵਿਕਸਿਤ ਕਰਨ ਦੀਆਂ ਸੰਭਾਵਨਾਵਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ।

ਸਭਾ ਨੂੰ ਸੰਬੋਧਨ ਕਰਦਿਆਂ ਪ੍ਰੋ. ਰਾਜੇਸ਼ ਐਸ. ਗੋਖਲੇ ਨੇ ਭਾਰਤ ਦੇ ਜੈਵ-ਤਕਨਾਲੋਜੀ ਦੇ ਇੱਕ ਨਵੇਂ ਯੁੱਗ ਵੱਲ ਵਧਣ ਨੂੰ ਉਜਾਗਰ ਕੀਤਾ, ਜਿੱਥੇ ਜੈਵਿਕ ਪ੍ਰਣਾਲੀਆਂ ਨੂੰ ਕ੍ਰਿਤ੍ਰਿਮ ਬੁੱਧੀ, ਸਵੈਚਾਲਨ, ਸੰਵੇਦਕਾਂ, ਰੋਬੋਟਿਕਸ ਅਤੇ ਉੱਨਤ ਨਿਰਮਾਣ ਨਾਲ ਤੇਜ਼ੀ ਨਾਲ ਜੋੜਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਮਿਲਾਪ ਪ੍ਰੋਗਰਾਮਯੋਗ ਜੈਵ-ਨਿਰਮਾਣ, ਸਮਾਰਟ ਜੈਵ-ਕਾਰਖਾਨਿਆਂ, ਕ੍ਰਿਤ੍ਰਿਮ ਬੁੱਧੀ-ਸੰਚਾਲਿਤ ਜੈਵ-ਕਾਰਖਾਨਿਆਂ, ਸਟੀਕ ਇਲਾਜ, ਜਲਵਾਯੂ-ਸਮਾਰਟ ਖੇਤੀਬਾੜੀ ਅਤੇ ਚੱਕਰੀ ਜੈਵ-ਅਰਥਵਿਵਸਥਾ ਮੰਚਾਂ ਨੂੰ ਸਮਰੱਥ ਬਣਾ ਸਕਦਾ ਹੈ। ਕਾਨਕਲੇਵ ਵਿੱਚ ਬਾਇਓਈ-3 ਦੇ ਅਧੀਨ ਨਵੀਆਂ ਖੋਜਾਂ ਨੂੰ ਵੱਡੇ ਪੱਧਰ 'ਤੇ ਲਿਜਾਣ ਲਈ ਜਨਤਕ-ਨਿੱਜੀ ਭਾਈਵਾਲੀਆਂ ਨੂੰ ਮਜ਼ਬੂਤ ਕਰਨ 'ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ। ਵਿਚਾਰ-ਵਟਾਂਦਰੇ ਵਿੱਚ ਅਜਿਹੇ ਤੰਤਰ ਵਿਕਸਿਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਜੋ ਖੋਜ ਅਤੇ ਵਪਾਰਕ ਲਾਗੂਕਰਨ ਦਰਮਿਆਨ ਦੇ ਫ਼ਾਸਲੇ ਨੂੰ ਘਟਾ ਸਕਣ ਅਤੇ ਸੰਭਾਵਨਾਸ਼ੀਲ ਤਕਨਾਲੋਜੀਆਂ ਨੂੰ ਉਦਯੋਗਿਕ ਪੱਧਰ ਤੱਕ ਲਿਜਾਣ ਵਿੱਚ ਸਮਰੱਥ ਬਣਾਉਣ।

ਡੀ.ਈ.ਐਸ.ਆਈ.ਜੀ.ਐਨ. ਫਾਰ ਬਾਇਓਈ-3 ਪਹਿਲਕਦਮੀ ਦੇ ਤਹਿਤ ਨੌਜਵਾਨ ਨਵੋਨਮੇਸ਼ਕਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਦਸੰਬਰ 2025-ਅਪ੍ਰੈਲ 2026 ਚੱਕਰ ਦੀਆਂ 36 ਜੇਤੂ ਟੀਮਾਂ ਨੂੰ ਯੋਗਤਾ ਪ੍ਰਮਾਣ-ਪੱਤਰ ਪ੍ਰਦਾਨ ਕੀਤੇ ਗਏ, ਜਦਕਿ ਜਨਵਰੀ-ਮਾਰਚ 2026 ਚੱਕਰ ਦੇ 28 ਜੇਤੂ ਹੱਲਾਂ ਨੂੰ ?1 ਲੱਖ ਦੀ ਇਨਾਮੀ ਰਾਸ਼ੀ ਪ੍ਰਦਾਨ ਕੀਤੀ ਗਈ। ਵਿਦਿਆਰਥੀਆਂ ਨੇ ਮਾਨਯੋਗ ਮੰਤਰੀ ਨਾਲ ਗੱਲਬਾਤ ਵੀ ਕੀਤੀ ਅਤੇ ਡੀ.ਈ.ਐਸ.ਆਈ.ਜੀ.ਐਨ. ਫਾਰ ਬਾਇਓਈ3 ਦੇ ਅਧੀਨ ਆਪਣੀਆਂ ਜੇਤੂ ਨਵੀਆਂ ਖੋਜਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਜੈਵ-ਤਕਨਾਲੋਜੀ ਆਧਾਰਿਤ ਹੱਲਾਂ ਨੂੰ ਅੱਗੇ ਵਧਾਉਣ ਸਬੰਧੀ ਆਪਣੇ ਵਿਚਾਰਾਂ 'ਤੇ ਚਰਚਾ ਕੀਤੀ। ਪ੍ਰੋਗਰਾਮ ਦੌਰਾਨ ਜੈਵ-ਕਾਰਖਾਨੇ ਲਈ ਇੱਕ ਸੰਵਾਦਾਤਮਕ ਮੰਚ ਅਤੇ ਭਾਰਤ-ਐਚਈਈ ਪ੍ਰੋਗਰਾਮਾਂ ਦੇ ਅਧੀਨ ਟਿਕਾਊ ਹਵਾਈ ਇੰਧਨ (ਐਸਏਐਫ) ਦੀ ਪ੍ਰਮੁੱਖ ਪ੍ਰੋਜੈਕਟ — ਜੈਵ-ਐਸਏਐਫ ਅਤੇ ਜੈਵ-ਸਮਾਰਟ — ਦੀ ਸ਼ੁਰੂਆਤ ਅਤੇ ਘੋਸ਼ਣਾ ਵੀ ਕੀਤੀ ਗਈ। ਆਪਣੇ ਸੰਬੋਧਨ ਵਿੱਚ ਡਾ. ਜਿਤੇਂਦਰ ਸਿੰਘ ਨੇ ਬੀਆਰਆਈਸੀ-ਐਨਏਬੀਆਈ ਨੂੰ ਕਾਨਕਲੇਵ ਦੀ ਮੇਜ਼ਬਾਨੀ ਕਰਨ ਲਈ ਵਧਾਈ ਦਿੱਤੀ ਅਤੇ ਵਿਸ਼ਵਾਸ ਪ੍ਰਗਟਾਇਆ ਕਿ ਸੰਸਥਾ ਭਾਰਤ ਦੀ ਜੈਵ-ਤਕਨਾਲੋਜੀ ਕ੍ਰਾਂਤੀ ਦੀ ਅਗਵਾਈ ਕਰਨ ਵਾਲੀ ਸੰਸਥਾ ਵਜੋਂ ਉਭਰੇਗੀ।

ਉਨ੍ਹਾਂ ਗ੍ਰੀਨ ਫੋਰਜ ਦੀ ਸਮਰੱਥਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਹ ਰੋਸ਼ਨੀ, ਨਮੀ ਅਤੇ ਤਾਪਮਾਨ ਸਮੇਤ ਬਹੁਤ ਹੀ ਨਿਯੰਤਰਿਤ ਵਾਤਾਵਰਣਕ ਸਥਿਤੀਆਂ ਨੂੰ ਮੁੜ ਤਿਆਰ ਕਰਕੇ ਉੱਨਤ ਖੇਤੀਬਾੜੀ ਖੋਜ ਨੂੰ ਸਮਰੱਥ ਬਣਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਸਮਰੱਥਾਵਾਂ ਨੂੰ ਕ੍ਰਿਤ੍ਰਿਮ ਬੁੱਧੀ ਨਾਲ ਜੋੜਨ ਨਾਲ ਖੇਤੀਬਾੜੀ ਅਤੇ ਸੰਬੰਧਿਤ ਵਿਗਿਆਨਾਂ ਵਿੱਚ ਨਵੀਆਂ ਖੋਜਾਂ ਦੀ ਗਤੀ ਨੂੰ ਹੋਰ ਤੇਜ਼ ਕੀਤਾ ਜਾ ਸਕਦਾ ਹੈ।

ਡੋਰ-ਟੂ-ਡੋਰ ਕੂੜਾ ਇਕੱਠਾ ਕਰਨ ਵਾਲਿਆਂ ਦੀਆਂ ਮੰਗਾਂ 'ਤੇ ਨਗਰ ਨਿਗਮ ਨਾਲ ਬਣੀ ਸਹਿਮਤੀ

ਬਕਾਇਆ ਭੁਗਤਾਨ, ਸੁਰੱਖਿਆ ਕਿੱਟ ਅਤੇ ਵਾਹਨਾਂ ਦੀ ਮੁਰੰਮਤ ਸਣੇ ਕਈ ਮੁੱਦਿਆਂ 'ਤੇ ਮਿਲਿਆ ਭਰੋਸਾ

ਪੈਗ਼ਾਮ-ਏ-ਜਗਤ
ਚੰਡੀਗੜ੍ਹ (ਹਰਮਿੰਦਰ ਸਿੰਘ ਨਾਗਪਾਲ)



ਡੋਰ-ਟੂ-ਡੋਰ ਕੂੜਾ ਕਲੈਕਸ਼ਨ ਸੁਸਾਇਟੀ ਦੇ ਵਫ਼ਦ ਦੀ ਨਗਰ ਨਿਗਮ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਹੋਈ, ਜਿਸ ਵਿੱਚ ਕੂੜਾ ਇਕੱਠਾ ਕਰਨ ਵਾਲਿਆਂ ਦੀਆਂ ਲੰਬਿਤ ਮੰਗਾਂ ਅਤੇ ਫੀਲਡ ਵਿੱਚ ਆ ਰਹੀਆਂ ਸਮੱਸਿਆਵਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਨਗਰ ਨਿਗਮ ਅਧਿਕਾਰੀਆਂ ਨੇ ਮੁੱਖ ਮੰਗਾਂ 'ਤੇ ਸਕਾਰਾਤਮਕ ਰੁਖ ਅਪਣਾਉਂਦਿਆਂ ਜਲਦੀ ਹੱਲ ਦਾ ਭਰੋਸਾ ਦਿੱਤਾ। ਮੀਟਿੰਗ ਵਿੱਚ ਨਗਰ ਨਿਗਮ ਵੱਲੋਂ ਸਾਂਝੇ ਕਮਿਸ਼ਨਰ ਬਲਬੀਰ ਰਾਜ, ਐਮਓਐਚ ਇੰਦਰਜੀਤ ਕੌਰ ਸਣੇ ਹੋਰ ਅਧਿਕਾਰੀ ਮੌਜੂਦ ਰਹੇ। ਸੁਸਾਇਟੀ ਦੇ ਵਫ਼ਦ ਨੇ ਪ੍ਰਧਾਨ ਧਰਮਬੀਰ ਰਾਣਾ ਦੀ ਅਗਵਾਈ ਵਿੱਚ ਮੰਗਾਂ ਰੱਖੀਆਂ।

ਮੀਟਿੰਗ ਵਿੱਚ ਕਮਰਸ਼ੀਅਲ ਖੇਤਰ ਵਿੱਚ ਕੰਮ ਕਰ ਰਹੇ ਕੂੜਾ ਇਕੱਠਾ ਕਰਨ ਵਾਲਿਆਂ ਦਾ ਜਲਦੀ ਸਰਵੇ ਕਰਵਾ ਕੇ ਨਵਾਂ ਐਮਓਯੂ ਲਾਗੂ ਕਰਨ ਦੀ ਮੰਗ ਪ੍ਰਮੁੱਖਤਾ ਨਾਲ ਉਠਾਈ ਗਈ। ਫੇਸ ਅਟੈਂਡੈਂਸ ਵਿਵਸਥਾ ਵਿੱਚ ਤਕਨੀਕੀ ਖਰਾਬੀ ਜਾਂ ਛੁੱਟੀ ਦੌਰਾਨ ਹੈਲਪਰ ਵੱਲੋਂ ਕੰਮ ਕਰਨ 'ਤੇ ਤਨਖਾਹ ਕਟੌਤੀ ਨਾ ਕਰਨ ਦੀ ਮੰਗ ਵੀ ਰੱਖੀ ਗਈ।

ਕੂੜਾ ਇਕੱਠਾ ਕਰਨ ਵਾਲਿਆਂ ਨੇ ਬਰਸਾਤੀ ਅਤੇ ਗਮਬੂਟ ਦੀ ਰੁਕੀ ਹੋਈ ਰਾਸ਼ੀ ਅਤੇ ਸਾਲ 2024-25 ਦਾ ਲੰਬਿਤ ਬਕਾਇਆ ਜਲਦੀ ਜਾਰੀ ਕਰਨ ਦੀ ਮੰਗ ਕੀਤੀ। ਇਸ ਤੋਂ ਇਲਾਵਾ ਸਾਰੇ ਕਰਮਚਾਰੀਆਂ ਨੂੰ ਪਛਾਣ ਪੱਤਰ, ਮਾਸਕ, ਦਸਤਾਨੇ ਅਤੇ ਹੋਰ ਜ਼ਰੂਰੀ ਸੁਰੱਖਿਆ ਸਮੱਗਰੀ ਉਪਲਬਧ ਕਰਵਾਉਣ ਅਤੇ ਡਿਸਪੈਂਸਰੀਆਂ ਵਿੱਚ ਨਿਯਮਤ ਸਿਹਤ ਜਾਂਚ ਦੀ ਸਹੂਲਤ ਦੇਣ ਦੀ ਮੰਗ ਵੀ ਰੱਖੀ ਗਈ।

ਮੀਟਿੰਗ ਵਿੱਚ ਪੰਜਾਬ ਐਂਡ ਸਿੰਧ ਬੈਂਕ ਦੇ ਤਹਿਤ ਲੰਬਿਤ 2.50 ਲੱਖ ਰੁਪਏ ਦੇ ਬੀਮਾ ਕਲੇਮ ਦਾ ਭੁਗਤਾਨ ਕਰਵਾਉਣ ਅਤੇ ਪਿਛਲੇ ਪੰਜ ਸਾਲਾਂ ਤੋਂ ਲੰਬਿਤ 10 ਲੱਖ ਰੁਪਏ ਸਾਲਾਨਾ ਭਲਾਈ ਫੰਡ ਜਾਰੀ ਕਰਨ ਦਾ ਮੁੱਦਾ ਵੀ ਉਠਾਇਆ ਗਿਆ। ਸੁਸਾਇਟੀ ਨੇ ਦੱਸਿਆ ਕਿ ਲਗਭਗ 70 ਤੋਂ 80 ਗੱਡੀਆਂ ਖਰਾਬ ਪਈਆਂ ਹਨ, ਜਿਸ ਨਾਲ ਫੀਲਡ ਵਿੱਚ ਕੰਮ ਪ੍ਰਭਾਵਿਤ ਹੋ ਰਿਹਾ ਹੈ। ਇਨ੍ਹਾਂ ਵਾਹਨਾਂ ਦੀ ਜਲਦੀ ਮੁਰੰਮਤ ਕਰਵਾਉਣ ਅਤੇ ਐਮਆਰਐਫ ਸੈਂਟਰਾਂ ਵਿੱਚ ਤਾਇਨਾਤ ਡਰਾਈਵਰਾਂ ਦਾ ਤਿੰਨ ਤੋਂ ਛੇ ਮਹੀਨੇ ਦੇ ਅੰਤਰਾਲ 'ਤੇ ਨਿਯਮਤ ਰੋਟੇਸ਼ਨ ਕਰਨ ਦੀ ਮੰਗ ਕੀਤੀ ਗਈ। ਵਿਛੜੇ ਕੂੜਾ ਇਕੱਠਾ ਕਰਨ ਵਾਲਿਆਂ ਦੇ ਆਸ਼ਰਿਤਾਂ ਦੇ ਐਮਓਯੂ ਟ੍ਰਾਂਸਫਰ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਅਤੇ ਪ੍ਰਕਿਰਿਆ ਪੂਰੀ ਹੋਣ ਤੱਕ ਉਨ੍ਹਾਂ ਨੂੰ ਪੂਰੀ ਤਨਖਾਹ ਦੇਣ ਦੀ ਮੰਗ ਵੀ ਰੱਖੀ ਗਈ। ਪ੍ਰਧਾਨ ਧਰਮਬੀਰ ਰਾਣਾ ਨੇ ਸਮੱਸਿਆਵਾਂ ਦੇ ਸਥਾਈ ਹੱਲ ਲਈ ਨਗਰ ਨਿਗਮ ਅਧਿਕਾਰੀਆਂ ਅਤੇ ਸੁਸਾਇਟੀ ਨੁਮਾਇੰਦਿਆਂ ਦੀ ਹਰ ਮਹੀਨੇ ਸਾਂਝੀ ਮੀਟਿੰਗ ਆਯੋਜਿਤ ਕਰਨ ਦਾ ਪ੍ਰਸਤਾਵ ਰੱਖਿਆ, ਜਿਸ 'ਤੇ ਅਧਿਕਾਰੀਆਂ ਨੇ ਸਹਿਮਤੀ ਜਤਾਈ। ਮੀਟਿੰਗ ਤੋਂ ਬਾਅਦ ਰਾਣਾ ਨੇ ਨਗਰ ਨਿਗਮ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੁਸਾਇਟੀ ਕੂੜਾ ਇਕੱਠਾ ਕਰਨ ਵਾਲਿਆਂ ਦੇ ਹਿੱਤਾਂ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਲਗਾਤਾਰ ਯਤਨ ਕਰਦੀ ਰਹੇਗੀ। ਮੀਟਿੰਗ ਵਿੱਚ ਚੇਅਰਮੈਨ ਰਣਵੀਰ ਸਿੰਘ, ਜਨਰਲ ਸਕੱਤਰ ਵਿਜੇਂਦਰ ਦੁਲਗਚ, ਕਰਨ ਸਿੰਘ ਗੋਰੀ, ਵੇਦ ਪ੍ਰਕਾਸ਼ ਰਾਣਾ, ਦੀਪਕ ਨੇਪਾਲੀ, ਸੰਜੂ ਲੋਹਤ, ਨਰੇਸ਼ ਕਾਂਗੜਾ, ਮੋਨੂੰ ਚਰਨ, ਗੀਤਾ ਸ਼ਕਤੀਮਾਨ, ਮੋਨਿਕਾ ਨਗਰ, ਲਤਾ ਨਗਰ, ਨਰੇਸ਼ ਲੋਹਤ, ਭਜਨ ਲਾਲ ਬਿਸ਼ਨ ਪੁਹਾਲ, ਵਿਰੋਧੀ ਧਿਰ ਦੇ ਨੇਤਾ ਸੁਰਿੰਦਰ ਕਾਂਗੜਾ ਅਤੇ ਉਨ੍ਹਾਂ ਦੀ ਟੀਮ ਮੌਜੂਦ ਰਹੀ।

ਐਵਰਗ੍ਰੀਨ ਸੁਸਾਇਟੀ ਖਰੜ ਵਿਖੇ 137ਵਾਂ 'ਮਨ ਕੀ ਬਾਤ' ਪ੍ਰੋਗਰਾਮ ਸਾਂਝੇ ਤੌਰ 'ਤੇ ਸੁਣਿਆ

ਪੈਗ਼ਾਮ-ਏ-ਜਗਤ
ਖਰੜ (ਦਵਿੰਦਰ ਕੌਰ)



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੇ ਲੋਕਾਂ ਨਾਲ ਸਿੱਧੇ ਸੰਵਾਦ ਦੇ ਪ੍ਰਸਿੱਧ ਪ੍ਰੋਗਰਾਮ 'ਮਨ ਕੀ ਬਾਤ' ਦੇ 137ਵੇਂ ਐਪੀਸੋਡ ਨੂੰ ਅੱਜ ਸਵੇਰੇ 11 ਵਜੇ ਐਵਰਗ੍ਰੀਨ ਸੁਸਾਇਟੀ, ਖਰੜ ਵਿਖੇ ਬੂਥ ਨੰਬਰ 124 'ਤੇ ਭਾਜਪਾ ਆਗੂਆਂ ਅਤੇ ਵਰਕਰਾਂ ਵੱਲੋਂ ਸਾਂਝੇ ਤੌਰ 'ਤੇ ਸੁਣਿਆ ਗਿਆ। ਇਹ ਪ੍ਰੋਗਰਾਮ ਸ੍ਰੀ ਭਾਰਤ ਭੂਸ਼ਣ ਜੀ ਵੱਲੋਂ ਆਯੋਜਿਤ ਕੀਤਾ ਗਿਆ।

ਇਸ ਮੌਕੇ ਕੋ-ਕੈਸ਼ੀਅਰ ਪੰਜਾਬ ਭਾਜਪਾ ਸ ਸੁਖਵਿੰਦਰ ਸਿੰਘ ਗੋਲਡੀ, ਜ਼ਿਲ੍ਹਾ ਮਹਾਮੰਤਰੀ ਜਗਦੀਪ ਸਿੰਘ ਉਜਲਾ, ਸਰਕਲ ਪ੍ਰਧਾਨ ਰਜਿੰਦਰ ਸ਼ਰਮਾ ਜੀ ਸਮੇਤ ਵੱਡੀ ਗਿਣਤੀ ਵਿੱਚ ਭਾਜਪਾ ਦੇ ਵਰਕਰ ਅਤੇ ਸਥਾਨਕ ਨਿਵਾਸੀ ਹਾਜ਼ਰ ਰਹੇ।

ਇਸ ਮੌਕੇ ਸੁਖਵਿੰਦਰ ਸਿੰਘ ਗੋਲਡੀ ਜੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦਾ 'ਮਨ ਕੀ ਬਾਤ' ਪ੍ਰੋਗਰਾਮ ਦੇਸ਼ ਦੇ ਲੋਕਾਂ ਨੂੰ ਇੱਕ ਸਾਂਝੇ ਮੰਚ ਨਾਲ ਜੋੜਨ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਹੋ ਰਹੇ ਪ੍ਰੇਰਨਾਦਾਇਕ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਮਾਧਿਅਮ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਸਵੱਛ ਭਾਰਤ, ਨਸ਼ਾ ਮੁਕਤੀ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਦਿੱਤਾ ਜਾ ਰਿਹਾ ਸੰਦੇਸ਼ ਸਮਾਜ ਲਈ ਬਹੁਤ ਪ੍ਰੇਰਨਾਦਾਇਕ ਹੈ। ਖ਼ਾਸ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ, ਸਿੱਖਿਆ ਅਤੇ ਸਕਾਰਾਤਮਕ ਗਤੀਵਿਧੀਆਂ ਨਾਲ ਜੋੜਨਾ ਸਮੇਂ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਵਿੱਚ ਬੇਅੰਤ ਸਮਰੱਥਾ ਹੈ। ਜੇਕਰ ਨੌਜਵਾਨ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਅਤੇ ਹੋਰ ਰਚਨਾਤਮਕ ਖੇਤਰਾਂ ਵਿੱਚ ਅੱਗੇ ਵਧਣ ਤਾਂ ਉਹ ਨਾ ਸਿਰਫ਼ ਆਪਣਾ ਭਵਿੱਖ ਸੁਨਹਿਰਾ ਬਣਾ ਸਕਦੇ ਹਨ, ਸਗੋਂ ਪੰਜਾਬ ਅਤੇ ਦੇਸ਼ ਦਾ ਨਾਮ ਵੀ ਰੌਸ਼ਨ ਕਰ ਸਕਦੇ ਹਨ। ਇਸ ਮੌਕੇ ਮੌਜੂਦ ਭਾਜਪਾ ਆਗੂਆਂ ਅਤੇ ਵਰਕਰਾਂ ਨੇ ਪ੍ਰਧਾਨ ਮੰਤਰੀ ਜੀ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਸਵੱਛ, ਨਸ਼ਾ ਮੁਕਤ ਅਤੇ ਮਜ਼ਬੂਤ ਪੰਜਾਬ ਬਣਾਉਣ ਲਈ ਆਪਣੀ ਵਚਨਬੱਧਤਾ ਪ੍ਰਗਟ ਕੀਤੀ।

ਮਾਹਿਲਪੁਰ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ 'ਬਾਣੀ ਥਿਤੀ ਕਬੀਰ: ਸੰਦਰਭ ਅਤੇ ਸਮੀਖਿਆ' ਬਾਰੇ ਸੈਮੀਨਾਰ ਦਾ ਆਯੋਜਨ

ਪੈਗ਼ਾਮ-ਏ-ਜਗਤ/ਗੜ੍ਹਸ਼ੰਕਰ
30 ਅਗਸਤ(ਹਰੀ ਕ੍ਰਿਸ਼ਨ ਗੰਗੜ)



ਖੇਤਰ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ ਵਿੱਚ ਕਾਲਜ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਸਿੱਖ ਰਿਸਰਚ ਇੰਸਟੀਚਿਊਟ ਯੂ ਐੱਸ ਏ ਦੀ ਗੁਰੂ ਗ੍ਰੰਥ ਸਾਹਿਬ ਪ੍ਰਾਜੈਕਟ ਟੀਮ ਦੇ ਸਹਿਯੋਗ ਨਾਲ 'ਬਾਣੀ ਥਿਤੀ ਕਬੀਰ ਜੀ : ਸੰਦਰਭ ਅਤੇ ਸਮੀਖਿਆ ' ਵਿਸ਼ੇ 'ਤੇ ਇਕ ਰੋਜ਼ਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਿੱਖ ਰਿਸਰਚ ਇੰਸਟੀਚਿਊਟ ਦੇ ਸੀਨੀਅਰ ਫੈਲੋ ਪ੍ਰੋ ਅਵਤਾਰ ਸਿੰਘ ਅਤੇ ਰਿਸਰਚ ਫੈਲੋ ਵਿਕਰਮਜੀਤ ਸਿੰਘ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ। ਸਮਾਰੋਹ ਮੌਕੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਕਿਹਾ ਕਿ ਹਾਜ਼ਰ ਬੁਲਾਰਿਆਂ ਲਈ ਸਵਾਗਤੀ ਸ਼ਬਦ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਅਜਿਹੇ ਸੰਵਾਦ ਸਮਾਰੋਹ ਵਿਦਿਆਰਥੀਆਂ ਨੂੰ ਖੋਜ ਅਤੇ ਚਿੰਤਨ ਦੇ ਖੇਤਰ ਵਿੱਚ ਨਵਾਂ ਕੰਮ ਕਰਨ ਲਈ ਮਦਦਗਾਰ ਸਿੱਧ ਹੁੰਦੇ ਹਨ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ ਜੇ ਬੀ ਸੇਖੋਂ ਨੇ ਵਿਭਾਗ ਦੀਆਂ ਸਾਹਿਤਕ ਗਤੀਵਿਧੀਆਂ ਬਾਰੇ ਦੱਸਿਆ ਅਤੇ ਕਿਹਾ ਕਿ ਭਗਤ ਕਬੀਰ ਜੀ ਦਾ ਜੀਵਨ ਅਤੇ ਬਾਣੀ ਮੱਧਕਾਲੀ ਭਾਰਤ ਵਿੱਚਲੀ ਇਕ ਸਭਿਆਚਾਰਕ ਕ੍ਰਾਂਤੀ ਸੀ ਅਤੇ ਇਹ ਬਾਣੀ ਹਰ ਯੁੱਗ ਵਿੱਚ ਮਨੁੱਖਤਾ ਲਈ ਚਾਨਣ ਦੀ ਮੀਨਾਰ ਹੈ। ਇਸ ਮੌਕੇ ਸਿੱਖ ਰਿਸਰਚ ਇੰਸਟੀਚਿਊਟ ਯੂ ਐੱਸ ਏ ਦੇ ਰਿਸਰਚ ਫੈਲੋ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਸਿੱਖ ਰਿਸਰਚ ਇੰਸਟੀਚਿਊਟ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸ਼ਬਦ ਅਰਥ, ਭਾਵ ਅਰਥ, ਭਾਸ਼ਾ , ਇਤਿਹਾਸ ਅਤੇ ਹੋਰ ਅਨੇਕਾਂ ਪਹਿਲੂਆਂ ਬਾਰੇ ਆਪਣੀ ਵੈੱਬਸਾਈਟ 'ਤੇ ਗੰਭੀਰ ਜਾਣਕਾਰੀ ਆਨਲਾਈਨ ਤੌਰ 'ਤੇ ਦਰਜ ਕੀਤੀ ਜਾਂਦੀ ਹੈ ਜਿਹੜੀ ਬਿਨਾਂ ਕਿਸੇ ਫੀਸ ਤੋਂ ਹਰ ਵਿਅਕਤੀ ਦੀ ਪਹੁੰਚ ਵਿੱਚ ਹੈ। ਉਨ੍ਹਾਂ ਇਸ ਵੈੱਬਸਾਈਟ ਦੇ ਲਿੰਕ ਅਤੇ ਕਾਰਜ ਪ੍ਰਕਿਰਿਆ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਵੱਖ-ਵੱਖ ਖੇਤਰਾਂ ਦੇ ਸਿੱਖ ਵਿਦਵਾਨਾਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਕੀਤੇ ਜਾ ਰਹੇ ਇਸ ਸਾਂਝੇ ਕਾਰਜ ਬਾਰੇ ਦੱਸਿਆ ਅਤੇ ਵਿਦਿਆਰਥੀਆਂ ਨੂੰ ਆਪਣੇ ਉਚੇਰੀ ਖੋਜ ਅਤੇ ਜਗਿਆਸਾ ਲਈ ਇਸਦਾ ਲਾਭ ਲੈਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਭਗਤ ਕਬੀਰ ਬਾਣੀ ਦੇ ਥਿਤੀ ਸੰਕਲਪ, ਵਿਚਾਰਧਾਰਾ, ਭਾਸ਼ਾ ਅਤੇ ਸ਼ਿਲਪ ਬਾਰੇ ਵਿਚਾਰ ਰੱਖੇ। ਸਮਾਰੋਹ ਮੌਕੇ ਸਿੱਖ ਰਿਸਰਚ ਇੰਸਟੀਚਿਊਟ ਦੇ ਸੀਨੀਅਰ ਫੈਲੋ ਪ੍ਰੋ ਅਵਤਾਰ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਮੁੱਚੀ ਮਾਨਵਤਾ ਦਾ ਗੁਰੂ ਦੱਸਦਿਆਂ ਕਿਹਾ ਕਿ ਵੱਖ-ਵੱਖ ਸਭਿਆਚਾਰ, ਭਾਸ਼ਾਵਾਂ ਅਤੇ ਖਿੱਤਿਆਂ ਦੇ ਸੰਤਾਂ ਮਹਾਂਪੁਰਸ਼ਾਂ ਦੀ ਬਾਣੀ ਦਾ ਸੰਕਲਨ ਹੀ ਆਪਣੇ ਆਪ ਵਿੱਚ ਸਾਰੀ ਮਨੁੱਖਤਾ ਨੂੰ ਇਕ ਸੂਤਰ ਵਿਚ ਬੰਨ੍ਹਣ ਦਾ ਇਤਿਹਾਸਕ ਉੱਦਮ ਹੈ। ਉਨ੍ਹਾਂ ਭਗਤ ਕਬੀਰ ਜੀ ਦੀ ਬਾਣੀ ਦੀ ਵਿਚਾਰਧਾਰਾ ਨੂੰ ਹਰ ਯੁੱਗ ਲਈ ਸਾਰਥਿਕ ਦੱਸਦਿਆਂ ਕਿਹਾ ਕਿ ਜਾਤਾਂ, ਧਰਮਾਂ, ਨਸਲਾਂ ਦੀਆਂ ਵੰਡੀਆਂ ਅਤੇ ਵਹਿਮਾਂ ਭਰਮਾਂ ਵਾਲੇ ਸਮਾਜ ਲਈ ਕਬੀਰ ਬਾਣੀ ਹਮੇਸ਼ਾਂ ਕ੍ਰਾਂਤੀਕਾਰੀ ਮਾਡਲ ਰੱਖਦੀ ਹੈ। ਉਨ੍ਹਾਂ ਕਬੀਰ ਬਾਣੀ ਦੇ ਪ੍ਰਸੰਗ ਵਿੱਚ ਭਾਰਤੀ ਨਿਰਗੁਣ ਭਗਤੀ ਧਾਰਾ, ਭੇਦਭਾਵ ਮੁਕਤ ਸਮਾਜ ਅਤੇ ਕਿਰਤ ਦੀ ਮਹੱਤਤਾ ਨਾਲ ਜੁੜੇ ਵੱਖ-ਵੱਖ ਪੱਖਾਂ ਨੂੰ ਪੇਸ਼ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਹਰ ਵਿਚਾਰ ਚਿੰਤਨ ਨਾਲ ਜੁੜੀਆਂ ਪੁਸਤਕਾਂ ਪੜ੍ਹਨ ਦੀ ਪ੍ਰੇਰਨਾ ਵੀ ਦਿੱਤੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਬੁਲਾਰਿਆਂ ਨੂੰ ਸਨਮਾਨਿਤ ਕੀਤਾ ਗਿਆ। ਮੰਚ ਦੀ ਕਾਰਵਾਈ ਡਾ ਬਲਵੀਰ ਕੌਰ ਨੇ ਚਲਾਈ।

ਇਸ ਮੌਕੇ ਸਮਾਜ ਸੇਵੀ ਹਰਵੇਲ ਸਿੰਘ ਸੈਣੀ,ਡਾ ਪ੍ਰਭਜੋਤ ਕੌਰ, ਪ੍ਰਿੰਸੀਪਲ ਸੁਰਜੀਤ ਸਿੰਘ, ਸੁਖਜਿੰਦਰ ਪਾਲ ਸਿੰਘ, ਡਾ ਜਗਤਾਰ ਕੋਟ ਫਤੂਹੀ, ਲੇਖਕ ਜਗਜੀਤ ਸਿੰਘ ਗਣੇਸ਼ਪੁਰ, ਸ਼ਾਇਰ ਰੁਪਿੰਦਰਜੋਤ ਸਿੰਘ, ਪ੍ਰੋ ਅਸ਼ੋਕ ਕੁਮਾਰ, ਪ੍ਰੋ ਜਸਦੀਪ ਕੌਰ ਆਦਿ ਸਮੇਤ ਐੱਮ.ਏ ਪੰਜਾਬੀ ਅਤੇ ਬੀਏ ਕੋਰਸ ਦੇ ਵਿਦਿਆਰਥੀ ਹਾਜ਼ਰ ਸਨ।

ਅਧਿਆਪਕਾਂ ਨੇ ਪੰਜਾਬ ਸਰਕਾਰ ਦੇ ਧਮਕੀ ਭਰੇ ਪੱਤਰਾਂ ਦੀਆਂ ਕਾਪੀਆਂ ਫੂਕੀਆਂ

ਪੈਗ਼ਾਮ-ਏ-ਜਗਤ/ਗੜ੍ਹਸ਼ੰਕਰ
30 ਅਗਸਤ (ਹਰੀ ਕ੍ਰਿਸ਼ਨ ਗੰਗੜ)

- **ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਜਾਰੀ ਰਹੇਗਾ**



ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਫ਼ਰੰਟ ਅਤੇ ਅਤੇ ਸਾਂਝਾ ਮੁਲਾਜ਼ਮ ਮੰਚ ਪੰਜਾਬ ਦੀ ਸਾਂਝੀ ਤਾਲਮੇਲ ਕਮੇਟੀ ਦੇ ਸੱਦੇ 'ਤੇ 27 ਅਗਸਤ ਨੂੰ ਮੁੱਖ ਮੰਤਰੀ ਵੱਲੋਂ ਦਿੱਤੀ ਮੀਟਿੰਗ ਤੋਂ ਮੁਕਰਨ ਅਤੇ ਪਰਸੋਨਲ ਵਿਭਾਗ ਵੱਲੋਂ ਸੰਘਰਸ਼ ਕਰ ਰਹੇ ਮੁਲਾਜ਼ਮਾਂ 'ਤੇ ਕਾਰਵਾਈ ਕਰਨ ਦੇ ਕੱਢੇ ਪੱਤਰ ਖਿਲਾਫ ਅੱਜ ਹੁਸ਼ਿਆਰਪੁਰ ਜ਼ਿਲੇ ਦੇ ਵੱਖ ਵੱਖ ਬਲਾਕਾ ਦੇ ਸਕੂਲਾਂ ਵਿੱਚ ਸਕੂਲਾਂ ਦੇ ਸਟਾਫ ਨੇ ਇਕੱਠੇ ਹੋ ਕੇ ਧਮਕੀ ਭਰੇ ਪੱਤਰ ਦੀਆਂ ਕਾਪੀਆਂ ਸਾੜੀਆਂ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਡੀ ਟੀ ਐੱਫ ਆਗੂਆਂ ਮੁਕੇਸ਼ ਕੁਮਾਰ, ਸੁਖਦੇਵ ਡਾਨਸੀਵਾਲ,ਕੁਮਾਰ ਗੌਰਵ,ਅਸ਼ਨੀ ਕੁਮਾਰ ਬਲਜੀਤ ਸਿੰਘ ਮਹਿਮੋਵਾਲ,ਅਜੇ ਕੁਮਾਰ,ਕਰਨੈਲ ਸਿੰਘ ਖਾਨਪੁਰ, ਮਨਜੀਤ ਸਿੰਘ ਸੈਣੀ, ਵਿਨੈ ਕੁਮਾਰ,ਪ੍ਰਵੀਨ ਕੁਮਾਰ,ਪਰਦੀਪ ਕੁਮਾਰ ਅਤੇ ਸੱਤਪਾਲ ਕਲੇਰ ਨੇ ਕਿਹਾ ਕਿ 7 ਅਗਸਤ ਨੂੰ ਚੰਡੀਗੜ੍ਹ ਵਿਖੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਵੱਡੀ ਰੈਲੀ ਤੋਂ ਬਾਅਦ ਮੁੱਖ ਮੰਤਰੀ ਨੇ 27 ਅਗਸਤ ਨੂੰ ਮੀਟਿੰਗ ਦਾ ਸਮਾਂ ਦਿੱਤਾ ਸੀ,ਪਰ ਕੱਲ ਮੀਟਿੰਗ ਦੇ ਹੋਣ ਦੇ ਸਮੇਂ ਮੀਟਿੰਗ ਵਿਚ ਬੁਲਾ ਕੇ ਖੜ੍ਹੇ ਪੈਰ ਮੁੱਖ ਮੰਤਰੀ ਨੇ ਸੋਸ਼ਲ ਮੀਡੀਆ 'ਤੇ ਟਵੀਟ ਪਾ ਕੇ ਮੀਟਿੰਗ ਤੋਂ ਇਨਕਾਰ ਕਰ ਦਿੱਤਾ ਕਿ ਹੜਤਾਲ ਅਤੇ ਮੀਟਿੰਗ ਨਾਲ-ਨਾਲ ਨਹੀਂ ਚੱਲ ਸਕਦੀਆਂ। ਉਸ ਦੇ ਨਾਲ ਹੀ ਪਰਸੋਨਲ ਵਿਭਾਗ ਵਲੋ ਪੱਤਰ ਜਾਰੀ ਕਰਕੇ ਮੁਲਾਜ਼ਮਾਂ ਨੂੰ ਧਮਕਾਉਣ ਦੀ ਕੋਸ਼ਿਸ਼ ਕੀਤੀ। ਜਿਸ ਦੇ ਖਿਲਾਫ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਸਾਂਝੀ ਤਾਲਮੇਲ ਕਮੇਟੀ ਵੱਲੋ 28-29 ਅਗਸਤ ਨੂੰ ਜਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਮੁੱਖ ਮੰਤਰੀ ਦੀ ਅਰਥੀ ਸਾੜਨ ਅਤੇ 29 ਅਗਸਤ ਨੂੰ ਸਕੂਲਾਂ ਵਿੱਚ ਉਕਤ ਧਮਕੀ ਭਰੇ ਪੱਤਰ ਨੂੰ ਸਾੜਨ ਦਾ ਸੱਦਾ ਦਿੱਤਾ ਸੀ।

ਅਧਿਆਪਕ ਆਗੂਆਂ ਨੇ ਕਿਹਾ ਕਿ ਜੇਕਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਲਾਗੂ ਨਹੀਂ ਕੀਤੀਆਂ ਜਾਣਗੀਆਂ ਤਾਂ ਹੜਤਾਲਾਂ ਅਤੇ ਧਰਨੇ ਤਾਂ ਚਲਦੇ ਹੀ ਰਹਿਣਗੇ ਅਤੇ ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰ ਪੰਜਾਬ ਸਰਕਾਰ ਵੱਲੋਂ ਕੱਢੇ ਇਸ ਧਮਕੀ ਭਰੇ ਪੱਤਰ ਤੋਂ ਡਰਨ ਵਾਲੇ ਨਹੀਂ, ਉਹ ਆਪਣੀਆਂ ਮੰਗਾਂ ਲਾਗੂ ਹੋਣ ਤੱਕ ਕਿਸੇ ਕੀਮਤ 'ਤੇ ਸੰਘਰਸ਼ ਤੋਂ ਪਿੱਛੇ ਨਹੀਂ ਹਟਣਗੇ।

ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਦੇ ਅੜੀਅਲ ਰਵੱਈਏ ਖਿਲਾਫ ਤਾਲਮੇਲ ਕਮੇਟੀ ਵੱਲੋਂ 30 ਅਗਸਤ ਨੂੰ ਸੂਬਾ ਪੱਧਰੀ ਮੀਟਿੰਗ ਸੱਦ ਲਈ ਹੈ ਜਿਸ ਵਿੱਚ ਅਗਲੇ ਸਖ਼ਤ ਐਕਸ਼ਨ ਦਿੱਤੇ ਜਾਣਗੇ।

ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਮੰਗਾਂ ਦਾ ਤੁਰੰਤ ਹੱਲ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਅਤੇ ਵਿਸ਼ਾਲ ਕੀਤਾ ਜਾਵੇਗਾ। ਇਸ ਮੌਕੇ ਬਲਕਾਰ ਸਿੰਘ ਮੰਗਾਣੀਆਂ, ਖੁਸ਼ਵਿੰਦਰ ਕੌਰ ਚਰਨਜੀਤ ਕੌਰ, ਹਰਪ੍ਰੀਤ ਕੌਰ, ਸੁਨੀਤਾ ਕੁਮਾਰੀ, ਅਮਨਦੀਪ ਕੌਰ, ਪਰਜਿੰਦਰ ਲੇਹਲ, ਸੁਖਬੀਰ ਸਿੰਘ,ਰੁਪਿੰਦਰ ਸਿੰਘ, ਇੰਦਰਜੀਤ ਕੌਰ, ਕਵਿਤਾ, ਬਲਵਿੰਦਰ ਖਾਨਪੁਰ, ਤਰਸੇਮ ਕੌਰ, ਬਲਵੀਰ ਕੌਰ, ਪੂਨਮ ਰਾਣੀ, ਕਮਲੇਸ਼ ਕੌਰ ਆਦਿ ਨੇ ਇਸ ਐਕਸ਼ਨ ਵਿੱਚ ਭਾਗ ਲਿਆ।